Postal No.-- CHD/0111/2015-17
Regd No. 32212/78

# ਲੁਬਾਣਾ ਸੇਵਕ

ਸਤੰਬਰ 2017 ਮਾਸਿਕ ਮੁੱਲ : 15/-

## ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਵੱਲੋਂ ਦੇਸ਼-ਵਿਦੇਸ਼ ਦੀ ਸਮੂਹ ਸੰਗਤ ਨੂੰ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਗੁਰਤਾਗੱਦੀ ਦਿਵਸ ਦੀਆਂ ਲੱਖ-ਲੱਖ ਵਧਾਈਆਂ !



ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

ਸੰਪਾਦਕੀ ...

# ਗੁਰਤਾਗੱਦੀ ਦਿਵਸ ਸ੍ਰੀ ਗੁਰੂ ਅੰਗਦ ਦੇਵ ਜੀ



ਗੁਰੂ ਨਾਨਕ ਸਾਹਿਬ ਜੀ ਦੇ ਆਦਰਸ਼ਾਂ 'ਤੇ ਚੱਲਦਿਆਂ ਸਿੱਖ ਧਰਮ ਨੂੰ ਅੱਗੇ ਤੋਰਨ ਲਈ ਗੁਰੂ ਅੰਗਦ ਦੇਵ ਜੀ ਮਹਾਰਾਜ ਨੇ ਅਹਿਮ ਭੂਮਿਕਾ ਨਿਭਾਈ। ਗੁਰੂ ਅੰਗਦ ਦੇਵ ਜੀ ਦਾ ਜਨਮ ਬਾਬਾ ਫੇਰੂਮਲ ਜੀ ਦੇ ਘਰ 31 ਮਾਰਚ 1504 ਈ. ਨੂੰ ਮੱਤੇ ਦੀ ਸਰਾਂ ਜ਼ਿਲ੍ਹਾ ਮੁਕਤਸਰ ਵਿਖੇ ਹੋਇਆ। ਆਪ ਜੀ ਦਾ ਬਚਪਨ ਦਾ ਨਾਮ ਲਹਿਣਾ ਸੀ। ਗੁਰੂ ਨਾਨਕ ਸਾਹਿਬ ਨੇ ਆਪਣੀ ਦੂਰ-ਦ੍ਰਿਸ਼ਟੀ ਨਾਲ ਗੁਰੂ-ਚੇਲੇ ਦੀ ਰੀਤ ਚਲਾ ਕੇ ਭਾਈ ਲਹਿਣੇ ਨੂੰ ਗੁਰੂ ਅੰਗਦ ਨਾਮ ਦੇ ਕੇ ਸਤੰਬਰ 1539 ਈ. ਵਿਚ ਸਿੱਖ ਧਰਮ ਦੇ ਪ੍ਰਚਾਰ ਲਈ ਗੁਰਿਆਈ ਦੀ ਮਹਾਨ ਜ਼ਿੰਮੇਵਾਰੀ ਸੌਂਪੀ। ਗੁਰਗੱਦੀ ਦਾ ਅਰਥ 'ਗੁਰੂ ਦਾ ਤਖਤ'। ਗੁਰੂ ਨਾਨਕ ਸਾਹਿਬ ਨੇ ਦੂਸਰੇ ਗੁਰੂ ਗੁਰੂ ਅੰਗਦ ਦੇਵ ਜੀ ਨੂੰ ਮੱਥਾ ਟੇਕਿਆ ਅਤੇ ਹੋਰ ਸੰਗਤਾਂ ਨੂੰ ਵੀ ਮੱਥਾ ਟੇਕਣ ਲਈ ਕਿਹਾ ਅਤੇ ਨਾਲ ਹੀ ਐਲਾਨ ਕੀਤਾ ਕਿ ਮੇਰੀ ਜਗ੍ਹਾ ਹੁਣ ਗੁਰੂ ਅੰਗਦ ਦੇਵ ਜੀ ਨੂੰ ਹੀ ਸਮਝਣਾ। ਗੁਰੂ ਨਾਨਕ ਸਾਹਿਬ ਨੇ ਸੰਗਤਾਂ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਇਸ ਤਖਤ ਤੇ ਉਹੀ ਬੈਠਦਾ ਹੈ ਜੋ ਇਸ ਤਖ਼ਤ ਦੇ ਲਾਇਕ ਹੁੰਦਾ ਹੈ।

ਗੁਰਿਆਈ ਦੀ ਜ਼ਿੰਮੇਵਾਰੀ ਬਹੁਤ ਵੱਡੀ ਜ਼ਿੰਮੇਵਾਰੀ ਸੀ। ਇਸ ਜ਼ਿੰਮੇਵਾਰੀ ਦਾ ਮੰਤਵ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਨੂੰ ਅੱਗੇ ਤੋਰਨਾ ਸੀ। ਗੁਰੂ ਪੁੱਤਰਾਂ ਦੇ ਵਿਰੋਧ ਕਾਰਨ ਗੁਰੂ ਅੰਗਦ ਦੇਵ ਜੀ ਕਰਤਾਰਪੁਰ ਛੱਡ ਕੇ ਖਡੂਰ ਸਾਹਿਬ ਆ ਗਏ। ਗੁਰੂ ਅੰਗਦ ਦੇਵ ਜੀ ਨੇ ਊਚ-ਨੀਚ ਦੇ ਭੇਦ-ਭਾਵ ਨੂੰ ਸਮਾਜ ਵਿਚੋਂ ਖਤਮ ਕਰਨ ਲਈ ਲੰਗਰ ਪ੍ਰਥਾ ਅਤੇ ਦੀਨ ਦੁਖੀਆਂ ਦੀ ਸੇਵਾ ਦੇ ਕਾਰਜ ਨੂੰ ਅੱਗੇ ਤੋਰਿਆ। ਜਿਸ ਵਿਚ ਗੁਰੂ ਜੀ ਦੇ ਮਹਿਲ ਮਾਤਾ ਖੀਵੀ ਜੀ ਨੇ ਵਡਮੁੱਲਾ ਯੋਗਦਾਨ ਪਾਇਆ। ਸਮਾਜ ਨੂੰ ਸਰੀਰਕ ਤੌਰ 'ਤੇ ਤੰਦਰੁਸਤ ਰੱਖਣ ਲਈ ਮੱਲਾਂ ਦੇ ਅਖਾੜੇ ਅਤੇ ਖੇਡਾਂ ਆਦਿ ਦਾ ਪ੍ਰਬੰਧ ਕੀਤਾ। ਆਪ ਨੇ ਸਭ ਤੋਂ ਮਹਾਨ ਕਾਰਜ ਗੁਰਮੁਖੀ ਲਿਪੀ ਦਾ ਪ੍ਰਚਾਰ ਅਤੇ ਬਾਲ-ਬੋਧ ਤਿਆਰ ਕਰਕੇ ਬੱਚਿਆਂ ਵਿਚ ਵੰਡਿਆ। ਪੂਰੇ ਇਤਿਹਾਸ ਦੇ ਵਿੱਚ ਸ਼੍ਰੀ ਗੁਰੂ ਅੰਗਦ ਦੇਵ ਜੀ ਹੀ ਇਕ ਇਹੋ ਜਿਹੇ ਗੁਰੂ ਹੋਣਗੇ ਜਿਨ੍ਹਾਂ ਨੇ ਸੂਬੇ ਦੀ ਭਾਸ਼ਾ ਨੂੰ ਪ੍ਰਫੁਲਿਤ ਕਰਨ ਲਈ ਭਾਸ਼ਾ ਦਾ ਅੱਖਰ ਪੁਨਰ ਰਚਨਾ ਕਰਕੇ ਅਮੀਰ ਲਿਪੀ ਵਿੱਚ ਤਬਦੀਲ ਕਰ ਦਿੱਤਾ ਸੀ। ਇਹ ਤਬਦੀਲੀ ਨਾ ਸਿਰਫ ਉਸ ਵਕਤ ਬਿਖਰੀ ਹੋਈ, ਪੰਜਾਬੀ ਭਾਸ਼ਾ ਨੂੰ ਇਕ ਅਮੀਰ ਅਤੇ ਲਿਖਤੀ ਭਾਸ਼ਾ ਬਣਾ ਦਿੱਤਾ ਬਲਕਿ ਧਾਰਮਿਕ ਅਤੇ ਸਾਹਿਤਕ ਰਚਨਾਵਾਂ ਦੀ ਭਾਸ਼ਾ ਬਣਾ ਦਿੱਤੀ। ਸ਼੍ਰੀ ਗੁਰੂ ਅੰਗਦ ਦੇਵ ਜੀ ਦੇ ਸਦਕਾ ਹੀ ਪੰਜਾਬੀ/ ਗੁਰਮੁੱਖੀ ਭਾਸ਼ਾ, ਨਾ ਸਿਰਫ ਇਕ ਪਵਿੱਤਰ ਭਾਸ਼ਾ ਦਾ ਦਰਜ਼ਾ ਹਾਸਿਲ ਕੀਤਾ ਬਲਕਿ ਇੱਕ ਵਿਗਿਆਨਕ ਅਤੇ ਵਿਆਕਰਨ ਭਰੀ ਭਾਸ਼ਾ ਦੇ ਰੂਪ ਵਿੱਚ ਸੁੰਦਰ ਰੂਪ ਲਿਆ।

ਸ਼੍ਰੀ ਗੁਰੂ ਅੰਗਦ ਦੇਵ ਜੀ ਦੀ ਦੂਰਦ੍ਰਿਸ਼ਟੀ ਅਪਾਰ ਵਿਸ਼ਾਲ ਹੋਣ ਕਾਰਨ 15ਵੀਂ ਸਦੀ ਦੇ ਵਿੱਚ ਹੀ ਗੁਰੂ ਸਾਹਿਬ ਸੂਬੇ ਦੀਆਂ ਭਾਸ਼ਾਵਾਂ ਦੀ ਵਿਗੜੀ ਹੋਈ ਹਾਲਤ ਸਮਝ ਚੁੱਕੇ ਸਨ ਇਸੀ ਲਈ ਪੰਜਾਬੀ ਜਾਂ ਗੁਰਮੁੱਖੀ ਨੂੰ ਸ਼੍ਰੀ ਖਡੂਰ ਸਾਹਿਬ ਦੇ ਵਿੱਚ ਦਰਖਤ ਦੇ ਥੱਲੇ ਬੈਠ ਕੇ ਛੋਟੇ-ਛੋਟੇ ਬੱਚਿਆਂ ਨੂੰ ਲਗਾਤਾਰ ਸਿਖਾਉਂਦੇ ਸਨ। ਗੁਰੂ ਸਾਹਿਬ ਦਾ ਇਹ ਮਹਾਨ ਉਪਰਾਲਾ ਸਿਰਫ ਪੰਜਾਬੀ ਭਾਸ਼ਾ ਲਈ ਨਹੀਂ ਸੀ ਸਗੋਂ ਦੁਨੀਆਂ ਦੀਆਂ ਸਾਰੀਆਂ ਭਾਸ਼ਾਵਾਂ ਲਈ ਸੀ। ਇਸੀ ਲਈ ਜੁਗੋ-ਜੁਗ ਅੱਟਲ, ਅੱਖਰ ਦੇ ਮਾਲਿਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਰਚਨਾ ਵੀ ਗੁਰਮੁੱਖੀ ਵਿੱਚ ਹੋਈ, ਜਿਸ ਦੇ ਵਿੱਚ 11 ਭਾਸ਼ਾਵਾਂ ਦੇ ਸੰਤਾਂ ਦੀ ਬਾਣੀ ਗੁਰਮੁੱਖੀ ਵਿੱਚ ਦਰਜ਼ ਕੀਤੀ ਗਈ ਹੈ। ਸਦੀਆਂ ਤੋਂ ਚਲਦੀ ਆ ਰਹੀ ਸੰਸਕ੍ਰਿਤ ਭਾਸ਼ਾ ਨੂੰ ਸਨਮਾਨ ਦੇਂਦੇ ਹੋਏ, ਪੰਜਾਬੀ ਜਾਂ ਗੁਰਮੁੱਖੀ ਲਿਪੀ ਦੀ ਪੁਨਰ ਰਚਨਾ ਕਰਨ ਵਾਲੇ ਸ਼੍ਰੀ ਗੁਰੂ ਅੰਗਦ ਦੇਵ ਜੀ ਨੇ ਸਭਿਆਚਾਰ ਨੂੰ ਪਹਿਚਾਣ ਵੀ ਦਿੱਤੀ।

ਸਾਡੇ ਦੇਸ਼ ਦੀਆਂ ਵੱਖ-ਵੱਖ ਭਾਸ਼ਾਵਾਂ ਦੇ ਉਸ ਅਮੀਰਪਨ ਨੂੰ ਜੇਕਰ ਬਚਾਉਣਾ ਹੈ ਤਾਂ ਸ਼੍ਰੀ ਗੁਰੂ ਅੰਗਦ ਦੇਵ ਜੀ ਦੇ ਸਿਧਾਂਤ ਉੱਤੇ ਤੁਰਨਾ ਪਵੇਗਾ। ਸਾਡੇ ਦੇਸ਼ ਦੇ ਵੱਖ ਵੱਖ ਭਾਸ਼ਾਵਾਂ ਨੂੰ ਬਚਾਉਣ ਲਈ ਰਾਸ਼ਟਰੀ ਪੱਧਰ 'ਤੇ ਇਹੋ ਜਿਹੇ ਭਾਸ਼ਾ ਕੇਂਦਰ ਬਣਾਉਣੇ ਚਾਹੀਦੇ ਹਨ, ਜਿੱਥੇ ਦੇਸ਼ ਦੇ ਵੱਖ-ਵੱਖ ਭਾਸ਼ਾਵਾਂ ਨੂੰ ਬਚਾਉਣ ਲਈ, ਭਾਸ਼ਾਵਾਂ ਦੀ ਲਿਪੀ ਦੀ ਰਚਨਾ ਹੋਵੇ ਤਾਂ ਕਿ ਮਰ ਰਹੀਆਂ ਭਾਸ਼ਾਵਾਂ ਦਾ ਵਿਕਾਸ ਹੋ ਸਕੇ। ਸੂਬੇ ਦੀ ਭਾਸ਼ਾਵਾਂ ਨੂੰ ਬਚਾ ਕੇ ਹੀ ਸਾਡੇ ਦੇਸ਼ ਦੀ "ਬਹੁਰੰਗੀ ਸੰਸਕ੍ਰਿਤੀ" ਨੂੰ ਬਚਾ ਸਕਦੇ ਹਾਂ, ਪਰ ਦੁੱਖ ਦੀ ਗੱਲ ਇਹ ਹੈ ਕਿ ਪੰਜਾਬ ਵਿੱਚ ਹੀ, ਸ਼੍ਰੀ ਗੁਰੂ ਅੰਗਦ ਦੇਵ ਜੀ ਦੇ ਨਾਂ ਉਤੇ ਨਾ ਹੀ ਕੋਈ ਭਾਸ਼ਾ ਕੇਂਦਰ ਹੈ ਨਾ ਹੀ ਕੋਈ ਯੂਨੀਵਰਸਿਟੀ, ਜਿਸ ਵਿੱਚ ਦੇਸ਼ ਦੇ ਵੱਖ-ਵੱਖ ਭਾਸ਼ਾਵਾਂ ਦਾ ਅਧਿਐਨ ਹੋ ਸਕੇ।

ਦੁੱਖ ਦੀ ਗੱਲ ਤਾਂ ਇਹ ਹੈ ਕਿ ਅਸੀਂ ਸਾਰੇ ਅੰਗ੍ਰੇਜ਼ੀ ਭਾਸ਼ਾ ਦੇ ਗੁਲਾਮ ਇਸ ਹੱਦ ਤੱਕ ਹੋ ਚੁੱਕੇ ਹਾਂ ਕਿ ਅਸੀਂ ਆਪਣੇ ਬੱਚਿਆਂ ਨੂੰ ਪੰਜਾਬੀ ਮਾਧਿਅਮ ਵਿੱਚ ਪੜ੍ਹਾਉਣ ਤੋਂ ਹੀ ਪਰਹੇਜ ਕਰਦੇ ਹਾਂ। ਅਸੀਂ ਸਾਰੇ ਏਨੇ ਵੱਡੇ ਅਪਰਾਧੀ ਬਣ ਚੁੱਕੇ ਹਾਂ ਕਿ ਸਾਨੂੰ 35 ਅੱਖਰ ਪੂਰਾ ਲਿਖਣਾ ਵੀ ਨਹੀਂ ਆਉਂਦਾ। ਅਪਰਾਧੀਪਣ ਦੀ ਹੱਦ ਦਾ ਤਾਂ ਮੈਨੂੰ ਤਦ ਪਤਾ ਚਲਿਆ ਜਦ ਮੈਂ ਪੰਜਾਬੀ/ ਗੁਰਮੁੱਖੀ ਅੰਕੜੇ ਦੇ ਬਾਰੇ ਇਕ ਖੋਜ ਕੀਤੇ ਗਏ ਇਕ ਸਰਵੇਖਣ ਵਿੱਚ ਸਿਰਫ 7 ਲੋਕ ਹੀ ਪੰਜਾਬੀ/ਗੁਰਮੁੱਖੀ ਅੱਖਰ ਲਿਖਣ ਵਿੱਚ ਸਫਲ ਹੋਏ ਬਾਕੀ ਸਾਰੇ ਅੱਖਰਾਂ ਨੂੰ ਬਿਲਕੁਲ ਨਹੀਂ ਜਾਣਦੇ ਜਾਂ ਸਿਰਫ ਕੁੱਝ ਅੱਖਰ ਜਾਣਦੇ ਸਨ। ਅਸੀਂ ਐਸੇ ਅਪਰਾਧੀ ਹਾਂ ਜੋ ਮਾਂ ਬੋਲੀ ਨੂੰ ਨਾ ਹੀ ਪਿਆਰ ਕਰਦੇ ਹਾਂ ਨਾ ਹੀ ਸਤਿਕਾਰ ਦਿੰਦੇ। ਪਾਪੀਪਣ ਅਤੇ ਅਪਰਾਧੀਪੁਣੇ ਤੋਂ ਮੁਕਤ ਹੋਣ ਲਈ ਇੱਕੋ-ਇੱਕ ਮਾਰਗ ਹੈ ਜੋ ਮਾਂ ਬੋਲੀ ਦਾ ਸਤਿਕਾਰ ਕਰਕੇ ਮਾਂ ਬੋਲੀ ਨੂੰ ਗੱਲਵਕੜੀ ਵਿੱਚ ਲਿਆ ਜਾਵੇ ਤਾਂ ਕਿ ਸ਼੍ਰੀ ਗੁਰੂ ਅੰਗਦ ਦੇਵ ਜੀ ਦੀ ਦੇਣ ਦਾ ਸਤਿਕਾਰ ਹੋ ਸਕੇ।


ਜਗੀਰ ਸਿੰਘ ਲਾਲੀਆ

ਪ੍ਰਧਾਨ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ

# ਲੁਬਾਣਾ ਸੇਵਕ



**Chief Editor**
S. Jagir Singh Lalia
Sr. Audit Officer (Retd.)
# 1838, Phase-7, S.A.S. Nagar, M.: 98149-21838

**Addl. Chief Editor**
S. Pritam Singh Naurangpur
# 180, New Vijay Nagar, Jalandhar
M.: 98140-48241

**Editor**
S. Surinder Singh Ruby
Excise & Taxation Officer (Retd.)
HIG-16, S.F., Guru Gobind Singh Avenue
G.T. Road, Bye pass, Jalandhar
Email: ruby.surinder57@gmail.com, M.: 98141-28181

**Co-Editor**
Prof. Jaswant Singh Ph.d.
College Road, Begowal, Kapurthala, M.: 98724-66351
Engineer Parminderjit Singh
524, GMT Jalandhar, M.: 99153-57524
parminderjitsingh84@yahoo.com

**Outline-Editor**
S. Joginder Singh Ajaib, Jalandhar
M.: 98152-69145

**Advisors**
S. Naginder Singh, Mohali
S. Jagtar Singh Multani Chief Er. (Retd.) Jal.
M.: 94172-15490



**ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ**

ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਫ਼ੋਨ - 0172-2657340
e-mail:lobanafoundation@gmail.com
Websitelink : bmslchd.org, lobanafoundation.org

FOR ONLINE DEPOSITS OF FUNDS BANK ACCOUNT DETAIL IS AS UNDER:-
Bank Name :- State Bank of India
A/c No.-10304629441, IFSC Code:- SBIN0001443
Note - On depositing kindly intimate your name and address to the Foundation.
Contact no.-0172-2657340 & President 98149-21838, General Secretary-98763-58250

| | | |
|---|---|---|
| ਦੇਸ | : | 150 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 1100 ਰੁ. |
| ਜੀਵਨ ਮੈਂਬਰ ਪਰਦੇਸ | : | 7500 ਰੁ. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।


**ਆਉਣ ਵਾਲੇ ਮਹੀਨੇ ਦੀ ਸੰਗਰਾਂਦ, ਮਿਤੀ ਅਤੇ ਦਿਨ**
ਅਕਤੂਬਰ - 17-10-2017 (ਮੰਗਲਵਾਰ)
ਨਵੰਬਰ - 16-11-2017 (ਵੀਰਵਾਰ)


ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ ਜ਼ਹੂਰਾ


## ਤਤਕਰਾ


ਜਿਲਦ ਨੰ. 41 | ਅੰਕ - 67 | ਸਤੰਬਰ - 2017



| | | |
|---|---|---|
| 1. | ਸਾਰਾਗੜ੍ਹੀ ਦੇ 21 ਸਿੱਖ ਸ਼ਹੀਦ – ਫਰਜ਼ ਲਈ ਕੁਰਬਾਨੀ ਦੀ ਅਦੁੱਤੀ ਮਿਸਾਲ | 4 |
| 2. | ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ | 6 |
| 3. | ਢੀਠਤਾ | 9 |
| 4. | ਗੁਰੂ ਨਾਨਕ ਦੇਵ ਜੀ ਦਾ ਅੰਤਰਮਤ ਸੰਬਾਦ | 11 |
| 5. | ਸਰੀਰ ਲਈ ਘਾਤਕ ਖਾਣ ਵਾਲੇ ਪਦਾਰਥਾਂ ਵਿਚ ਮਿਲਾਵਟ | 13 |
| 6. | ਸੱਭਿਅਕ ਸਮਾਜ ਦਾ ਸਰਾਪ – ਕਲਯੁਗੀ ਦੁਰਾਚਾਰੀ ਬਾਬੇ | 15 |
| 7. | ਵਾਤਾਵਰਣ ਤੇ ਸਿਹਤ | 18 |
| 8. | ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੀਆਂ ਗਤੀਵਿਧੀਆਂ | 21 |
| 9. | ਸੁੱਚੇ ਮੋਤੀ | 23 |
| 10. | ਕਹਾਣੀ | 24 |
| 11. | ਪੰਜਾਬ ਵਿਚ ਆਰਥਿਕ ਤਬਦੀਲੀ ਤੋਂ ਬਿਨਾਂ ਹੋਰ ਕੋਈ ਰਸਤਾ ਨਹੀਂ | 28 |
| 12. | ਕਾਵਿ–ਕਿਆਰੀ | 30 |
| 13. | ਅਧਿਆਪਕ ਵਰਗ ਆਪਣੇ ਕਿੱਤੇ ਦੀ ਅਹਿਮੀਅਤ ਨੂੰ ਸਮਝੇ | 30 |
| 14. | ਸ਼ੋਕ ਸਮਾਚਾਰ | 32 |
| 15. | ਸਿਹਤ ਸੰਭਾਲ | 33 |
| 16. | गुरु इतिहास का एक नायक बाबा मखन शाह लुबाना | 34 |
| 17. | गुरुद्वारा थड़ा साहब (बगदाद, इराक) | 36 |
| 18. | *जापु साहिब दर्शन – १६* | 36 |
| 19. | Happy Engineers Day | 37 |
| 20. | Ten Fantastic Words TEN TIPS OF LIFE | 38 |
| 21. | ਦਾਨੀ ਸੱਜਣਾਂ ਦੀ ਸੂਚੀ | 39 |
| 22. | ਮੈਟਰੀਮੋਨੀਅਨ | 42 |




'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।



**Printed & Published by Jagir Singh Lalia for Baba Makhan Shah Lobana Foundation (Regd.) Sector 30-A, Chandigarh.**

**Computer Designing - WP&S, M.: 98153-78692**

# ਸਾਰਾਗੜ੍ਹੀ ਦੇ 21 ਸਿੱਖ ਸ਼ਹੀਦ - ਫਰਜ਼ ਲਈ ਕੁਰਬਾਨੀ ਦੀ ਅਦੁੱਤੀ ਮਿਸਾਲ




ਮਹਾਰਾਜਾ ਰਣਜੀਤ ਸਿੰਘ ਦੀ ਸੰਨ 1839 ਈ. ਵਿਚ ਹੋਈ ਮੌਤ ਤੋਂ ਬਾਅਦ ਸਿਰਫ਼ 10 ਸਾਲ ਦੇ ਅਰਸੇ ਦੇ ਅੰਦਰ-ਅੰਦਰ ਰਾਜ ਘਰਾਣੇ ਵਿਚ ਵੜੇ ਦੋਖੀਆਂ ਦੀਆਂ ਸਿੱਖ ਜਰਨੈਲਾਂ, ਰਾਜਕੁਮਾਰਾਂ ਅਤੇ ਮਹਾਰਾਣੀ ਜਿੰਦਾਂ ਸਮੇਤ ਸਾਰਿਆਂ ਨੂੰ ਤਖ਼ਤ ਤੇ ਬਿਠਾਉਣ ਦੀਆਂ ਕੋਝੀਆਂ ਚਾਲਾਂ ਜਾਂ ਇਹਨਾਂ ਵਿਚੋਂ ਵਾਰੋ-ਵਾਰੀ ਸਾਰਿਆਂ ਨੂੰ ਤਖ਼ਤ ਤੇ ਬੈਠਣ ਤੋਂ ਰੋਕਣ ਲਈ ਚਲੀਆਂ ਘਿਨਾਉਣੀਆਂ ਚਾਲਾਂ ਦਾ ਨਤੀਜਾ ਇਹ ਹੋਇਆ ਕਿ ਸਿਰਲੱਥ ਸਿੱਖ ਸੂਰਮਿਆਂ ਦੀ ਖ਼ਾਲਸਾ ਫੌਜ ਹੋਣ ਦੇ ਬਾਵਜੂਦ ਵੀ ਅੰਗਰੇਜ਼ਾਂ ਨੇ ਸੰਨ 1849 ਵਿਚ ਪੰਜਾਬ ਉੱਤੇ ਸੰਪੂਰਨ ਕਬਜ਼ਾ ਕਰਕੇ ਉਸ ਨੂੰ ਆਪਣੇ ਰਾਜ ਵਿਚ ਮਿਲਾ ਲਿਆ। ਸਤਲੁਜ ਦਰਿਆ ਤੋਂ ਲੈ ਕੇ ਕਸ਼ਮੀਰ ਤੇ ਪਿਸ਼ਾਵਰ ਤੱਕ ਫੈਲਿਆ ਖ਼ਾਲਸਾ ਰਾਜ ਅੰਗਰੇਜ਼ ਹਕੂਮਤ ਵਿਚ ਮਿਲਾ ਲਿਆ ਗਿਆ।


**ਸੁਰਿੰਦਰ ਸਿੰਘ ਰੂਬੀ**
**ਆਬਕਾਰੀ ਤੇ ਕਰ ਅ.ਫਸਰ**
**(ਸੇਵਾ ਮੁਕਤ)**
**ਸੰਪਾਦਕ**
**98141-28181**



ਇਕੱਠੇ ਭਾਰਤ ਵਿਚ ਭਾਵ ਅਜ਼ਾਦੀ ਮਿਲਣ ਤੱਕ ਦੇਸ਼ ਦੇ ਪੂਰਬੀ ਤੇ ਪੱਛਮੀ ਕਿਨਾਰਿਆਂ ਨੂੰ ਅੰਗਰੇਜ਼ ਰਾਜ ਵੇਲੇ ਹੀ NEFA (North East Frontier Agency) ਜਿਸ ਵਿਚ ਭਾਰਤ ਦੇ ਪੁਰਬਲੇ ਰਾਜ ਅਸਾਮ, ਮੇਘਾਲਿਆ, ਨਾਗਾਲੈਂਡ ਜੋ ਬਰਮਾ ਤੇ ਚੀਨ ਦੇ ਬਾਰਡਰ ਤੱਕ ਫੈਲਿਆ ਹੋਇਆ ਸੀ ਅਤੇ NWFA (North West Frontier Agency) ਜਿਸ ਵਿਚ ਮੌਜੂਦਾ ਪਾਕਿਸਤਾਨ ਦਾ ਅਫਗਾਨਿਸਤਾਨ ਨਾਲ ਲੱਗਦੀ ਸਰਹੱਦ ਦਾ ਮੁੱਖ ਇਲਾਕਾ ਸੀ, ਜਿਸ ਨੂੰ ਸੂਬਾ ਸਰਹੱਦ ਵੀ ਕਿਹਾ ਜਾਂਦਾ ਸੀ, ਦੇ ਨਾਮ ਨਾਲ ਜਾਣਿਆ ਜਾਂਦਾ ਸੀ। ਸਾਡੇ ਬਚਪਨ ਵਿਚ ਜਦੋਂ ਭਾਰਤੀ ਫੌਜ ਵਿਚ ਨੌਕਰੀ ਕਰਦੇ ਜਾਂ ਕੇਂਦਰੀ ਸੁਰੱਖਿਆ ਬੱਲਾਂ ਵਿਚ ਕੋਈ ਨੌਕਰੀ ਕਰਦਾ ਕੋਈ ਜਵਾਨ ਜਾਂ ਅ.ਫਸਰ ਦੇਸ਼ ਦੀ ਪੂਰਬੀ ਸਰਹੱਦ ਉੱਤੇ ਤੈਨਾਤ ਹੁੰਦਾ ਸੀ ਤਾਂ ਆਮ ਕਿਹਾ ਜਾਂਦਾ ਸੀ ਫਲਾਣਾ ਸਿੰਘ ਨੇਫਾ ਦੇ ਬਾਰਡਰ ਤੇ ਤੈਨਾਤ ਹੈ।

ਅੰਗਰੇਜ਼ਾਂ ਨੂੰ ਇਹ ਭਲੀ ਭਾਂਤ ਪਤਾ ਸੀ ਕਿ ਸਿੱਖ ਇਕ ਬਹਾਦਰ ਅਤੇ ਲੜਾਕੂ ਕੌਮ ਹੈ ਜਿਸ ਨੇ ਮਹਾਰਾਜਾ ਰਣਜੀਤ ਸਿੰਘ ਦੀ ਅਗਵਾਈ ਵਿਚ ਕਈ ਜਿੱਤਾਂ ਜਿੱਤੀਆਂ ਤੇ ਖ਼ਾਲਸਾ ਰਾਜ ਦਾ ਕਾਫੀ ਵਿਸਥਾਰ ਕੀਤਾ ਸੀ ਇਸੇ ਕਾਰਨ ਮਹਾਰਾਜਾ ਰਣਜੀਤ ਸਿੰਘ ਦੀ ਸਿੱਖ ਫੌਜ ਦੀ ਤਾਕਤ ਨੂੰ ਜਾਣਦੇ ਹੋਏ ਹੀ ਅੰਗਰੇਜ਼ਾਂ ਨੇ ਮਹਾਰਾਜਾ ਨਾਲ ਰੋਪੜ ਦੀ ਸੰਧੀ ਕੀਤੀ ਸੀ। ਜਿਸ ਅਨੁਸਾਰ ਅੰਗਰੇਜ਼ਾਂ ਨੇ ਮੰਨਿਆ ਕਿ ਉਹ ਸਤਲੁਜ ਦੇ ਏਧਰ ਵਾਲੇ ਇਲਾਕੇ ਵਿਚ ਨਹੀਂ ਆਉਣਗੇ ਤੇ ਮਹਾਰਾਜੇ ਦੀਆਂ ਫੌਜਾਂ ਸਤਲੁਜ ਦਰਿਆ ਤੋਂ ਅੰਗਰੇਜ਼ੀ ਸਾਮਰਾਜ ਵੱਲ ਹਮਲਾ ਨਹੀਂ ਕਰਨਗੀਆਂ। ਅੰਗਰੇਜ਼ਾਂ ਨੇ ਪੰਜਾਬ 'ਤੇ ਕਬਜ਼ਾ ਕਰਨ ਉਪਰੰਤ ਸਿੱਖ ਕੌਮ ਵਿਚੋਂ ਅਣਖੀਲੇ ਗੱਭਰੂਆਂ ਦੀ ਭਰਤੀ ਕਰਕੇ ਫੌਜ ਵਿਚ ਸਿੱਖ ਰੈਜਮੈਂਟਾਂ ਬਣਾਈਆਂ। ਇਨ੍ਹਾਂ ਵਿਚੋਂ ਇਕ 36 ਸਿੱਖ ਰੈਜਮੈਂਟ ਵੀ ਖੜ੍ਹੀ ਕੀਤੀ ਗਈ ਜੋ ਕਿ ਬਾਅਦ ਵਿਚ 4 ਸਿੱਖ ਰੈਜਮੈਂਟ ਬਣੀ। ਸੂਬਾ ਸਰਹੱਦ ਤੇ ਲਾਕਹਾਰਟ ਤੇ

ਗਿਲਿਸਤਾਨ ਕਿਲ੍ਹਿਆਂ ਦੇ ਵਿਚਕਾਰ ਛੋਟੀ ਜਿਹੀ ਕਿਲ੍ਹਾਨੁਮਾ ਜਗ੍ਹਾ ਦਾ ਨਾਮ ਸਾਰਾਗੜ੍ਹੀ ਸੀ। ਇਥੇ 36 ਸਿੱਖ ਰੈਜਮੈਂਟ ਦੀ ਇਕ ਪਲਟੂਨ ਹਵਾਲਦਾਰ ਈਸ਼ਰ ਸਿੰਘ ਦੀ ਅਗਵਾਈ ਵਿਚ ਤੈਨਾਤ ਸੀ। ਅੰਗਰੇਜ਼ ਫੌਜਾਂ ਅਤੇ ਅਫਗਾਨ ਪਸ਼ਤੂਨ ਕਬਾਇਲੀਆਂ ਵਿਚ ਇਹਨਾਂ ਦੋਨਾਂ ਕਿਲ੍ਹਿਆਂ ਤੇ ਕਬਜ਼ਾ ਕਰਨ ਲਈ ਜਦੋ ਜਹਿਦ ਚੱਲਦੀ ਰਹਿੰਦੀ ਸੀ। ਇਕ ਦਿਨ ਜਦੋਂ ਸਾਰਾਗੜ੍ਹੀ ਵਿਚ 36 ਸਿੱਖ ਰੈਜਮੈਂਟ ਦੀ ਇਕ ਪਲਾਟੂਨ ਦੇ ਸਿਰਫ਼ 21 ਸਿਪਾਹੀ ਤੈਨਾਤ ਸਨ ਤਾਂ ਪਸ਼ਤੂਨ ਅਫਗਾਨੀ ਕਬਾਇਲੀਆਂ ਨੇ, ਜਿਨ੍ਹਾਂ ਦੀ ਗਿਣਤੀ 10,000 ਤੋਂ ਵੀ ਉੱਪਰ ਸੀ 12 ਸਤੰਬਰ 1897 ਨੂੰ ਸਾਰਾਗੜ੍ਹੀ ਤੇ ਹਮਲਾ ਕਰ ਦਿੱਤਾ। ਪਲਟੂਨ ਇੰਚਾਰਜ ਹਵਾਲਦਾਰ ਈਸ਼ਰ ਸਿੰਘ ਨੇ ਪਸ਼ਤੂਨ ਕਬਾਇਲੀਆਂ ਦੇ ਅੱਗੇ ਵੱਧਣ ਦੀ ਖ਼ਬਰ ਆਪਣੇ ਉੱਚ ਅਧਿਕਾਰੀਆਂ ਨੂੰ ਭੇਜ ਦਿੱਤੀ ਸੀ ਪਰ ਉਨ੍ਹਾਂ ਨੇ ਥੋੜ੍ਹੇ ਸਮੇਂ ਵਿਚ ਫੌਜੀ ਸਹਾਇਤਾ ਭੇਜਣ ਤੋਂ ਅਸਮਰਥਾ ਜਾਹਿਰ ਕੀਤੀ ਤੇ ਹੁਕਮ ਕੀਤਾ ਕਿ ਹਾਲਾਤ ਅਨੁਸਾਰ ਉਹ ਖੁਦ ਫੈਸਲਾ ਲੈਣ। ਹਵਾਲਦਾਰ ਈਸ਼ਰ ਸਿੰਘ ਅਤੇ ਉਸ ਦੇ 21 ਸਾਥੀਆਂ ਨੇ ਗੜ੍ਹੀ ਵਿਚ ਡੱਟ ਤੇ ਪਸ਼ਤੂਨ ਕਬਾਇਲੀਆਂ ਨਾਲ ਆਖਰੀ ਸਾਹ ਤੱਕ ਲੋਹਾ ਲੈਣ ਦਾ ਪ੍ਰਣ ਲਿਆ ਅਤੇ ਸਾਰਾਗੜ੍ਹੀ ਦੀ ਰੱਖਿਆ ਲਈ ਡੱਟ ਗਏ। ਦੁਨੀਆਂ ਦੀਆਂ ਜੰਗਾਂ ਵਿਚ ਅਜਿਹੀ ਅਸਾਵੀਂ ਜੰਗ ਪਹਿਲਾਂ ਕਦੇ ਵੀ ਨਹੀਂ ਹੋਈ ਸੀ। ਇਕ ਪਾਸੇ 10,000 ਤੋਂ ਵੱਧ ਕਬਾਇਲੀ ਅਫਗਾਨੀ ਤੇ ਦੂਜੇ ਪਾਸੇ ਸਿਰ 21 ਸਿਰਲੱਥ ਸਿੱਖ ਸੂਰਮੇ। ਘਮਸਾਨ ਦੀ ਜੰਗ ਹੋਈ। ਸਿਰਫ਼ 21 ਸਿੱਖ ਸੈਨਿਕਾਂ ਨੇ ਕਬਾਇਲੀਆਂ ਦੇ 600 ਤੋਂ ਵੱਧ ਸਿਪਾਹੀ ਜਾਂ ਤਾਂ ਮੌਤ ਦੇ ਘਾਟ ਉਤਾਰ ਦਿੱਤੇ ਜਾਂ ਗੰਭੀਰ ਰੂਪ ਵਿਚ ਜ਼ਖ਼ਮੀ ਕੀਤੇ। ਕੁਰਬਾਨੀ ਅਤੇ ਆਪਣੇ ਫਰਜ਼ ਦੀ ਪੂਰਤੀ ਲਈ ਇਨ੍ਹਾਂ ਸਿੱਖ ਸੂਰਮਿਆਂ ਨੇ ਜੋ ਲਾਸਾਨੀ ਬਹਾਦਰੀ ਦਿਖਾਈ ਉਸ ਦੀ ਮਿਸਾਲ ਅੱਜ ਤੱਕ ਕਿਤੇ ਵੀ ਨਹੀਂ ਮਿਲਦੀ। ਸੈਨਾ ਦੇ ਉੱਚ ਅਧਿਕਾਰੀਆਂ ਨੂੰ ਜਦੋਂ ਇਸ ਜੰਗ ਦਾ ਪਤਾ ਚੱਲਿਆ ਤਾਂ ਉਹ ਦੰਦਾਂ ਹੇਠ ਉਂਗਲੀ ਦੇ ਕੇ ਰਹਿ ਗਏ। ਲੰਡਨ ਵਿਚ ਪਾਰਲੀਮੈਂਟ ਦੇ ਚੱਲ ਰਹੇ ਇਜਲਾਸ ਵਿਚ ਇਸ ਦਾ ਜ਼ਿਕਰ ਕੀਤਾ ਗਿਆ ਅਤੇ ਸਮੁੱਚੇ ਪਾਰਲੀਮੈਂਟ ਨੇ ਇਨ੍ਹਾਂ ਸਿਰਲੱਥ ਸੂਰਬੀਰ, ਸਿੱਖ ਸ਼ਹੀਦਾਂ ਨੂੰ ਖੜ੍ਹੇ ਹੋ ਕੇ ਸ਼ਰਧਾਂਜਲੀ ਦਿੱਤੀ ਅਤੇ ਸਲਾਮ ਕੀਤਾ। ਅੰਗਰੇਜ਼ ਸਰਕਾਰ ਵੱਲੋਂ ਇਨ੍ਹਾਂ ਸਾਰੇ ਯੋਧਿਆਂ ਨੂੰ ਉਸ ਵੇਲੇ ਦੇ ਸਭ ਤੋਂ ਵੱਡੇ ਫੌਜੀ ਸਨਮਾਨ ਇੰਡੀਅਨ ਆਰਡਰ ਆਫ਼ ਮੈਰਿਟ ਨਾਲ ਸਨਮਾਨਿਆ ਗਿਆ ਜੋ ਕਿ ਭਾਰਤੀ ਪਰਮਵੀਰ ਚੱਕਰ ਦੇ ਬਰਾਬਰ ਹੁੰਦਾ ਹੈ।




ਬੜੇ ਦੁੱਖ ਦੀ ਗੱਲ ਹੈ ਕਿ ਇਸ ਲੜਾਈ ਬਾਰੇ ਕਈ ਵਿਦੇਸ਼ੀ ਦੇਸ਼ਾਂ ਵਿਚ ਜ਼ਿਕਰ ਵਾਰ-ਵਾਰ ਹੋਇਆ ਹੈ ਪ੍ਰੰਤੂ ਸਾਡੇ ਆਪਣੇ ਦੇਸ਼ ਜਾਂ ਰਾਜ ਵਿਚ ਇਸ ਮਹਾਨ ਲੜਾਈ ਦਾ ਜ਼ਿਕਰ ਬਹੁਤ ਘੱਟ ਹੋਇਆ ਹੈ। ਇਸ ਦਾ ਮੁੱਖ ਕਾਰਨ ਸਿਰਫ਼ ਇਹ ਹੋ ਸਕਦਾ ਹੈ ਕਿ ਇਹ ਲੜਾਈ ਅੰਗਰੇਜ਼ਾਂ ਲਈ ਲੜੀ ਗਈ ਸੀ। ਪ੍ਰੰਤੂ ਬਹਾਦਰੀ, ਸਾਹਸ ਅਤੇ ਮਿਲੀ ਡਿਊਟੀ ਨੂੰ ਸਹੀ ਅਤੇ ਵਫ਼ਾਦਾਰੀ ਨਾਲ ਸਿਰੇ ਚੜ੍ਹਾਉਣ ਦੀ ਅਜਿਹੀ ਮਿਸਾਲ ਇਤਿਹਾਸ ਵਿਚ ਹੋਰ ਕਿਤੇ ਵੀ ਨਹੀਂ ਮਿਲਦੀ।

ਹਰ ਸਾਲ 12 ਸਤੰਬਰ ਨੂੰ ਸਾਰਾਗੜ੍ਹੀ ਦਿਵਸ ਮਨਾਇਆ ਜਾਂਦਾ ਹੈ। ਅੰਮ੍ਰਿਤਸਰ ਅਤੇ ਫਿਰੋਜ਼ਪੁਰ ਸ਼ਹਿਰਾਂ ਵਿਚ ਸਾਰਾਗੜ੍ਹੀ ਦੀ ਜੰਗ ਦੀ ਯਾਦ ਵਿਚ ਯਾਦਗਾਰਾਂ ਬਣੀਆਂ ਹੋਈਆਂ ਹਨ। ਬਾਲੀਵੁੱਡ ਵੱਲੋਂ ਇਸ ਮਹਾਨ ਘਟਨਾ ਤੇ ਦੋ ਫ਼ਿਲਮਾਂ ਵੀ ਬਣ ਕੇ ਜਲਦੀ ਤਿਆਰ ਹੋ ਰਹੀਆਂ ਹਨ।

**ਆਓ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਲੜ ਲੱਗੀਏ ਅਤੇ ਆਪਣੇ ਬੱਚਿਆਂ ਨੂੰ ਵੀ ਪ੍ਰੇਰੀਏ !**

# ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ

ਦੁਨੀਆਂ ਦੇ ਕਿਸੇ ਵੀ ਧਰਮ ਜਾਂ ਸਮਾਜ ਵਿਚ ਇਸਤਰੀ ਨੂੰ ਇੰਨ੍ਹਾਂ ਮਾਣ ਨਹੀਂ ਦਿੱਤਾ ਗਿਆ, ਜਿਨ੍ਹਾਂ ਕਿ ਸਿੱਖ ਧਰਮ ਵਿਚ ਦਿੱਤਾ ਗਿਆ ਹੈ। ਗੁਰੂ ਕਾਲ ਤੋਂ ਪਹਿਲਾਂ ਅਤੇ ਗੁਰੂ ਨਾਨਕ ਦੇਵ ਜੀ ਦੇ ਸਮੇਂ ਇਸਤਰੀ ਦੀ ਦਸ਼ਾ ਚੰਗੀ ਨਹੀਂ ਸੀ। ਮਰਦ ਨਾਲੋਂ ਇਸਤਰੀ ਦਾ ਦਰਜਾ ਨੀਵਾਂ ਸਮਝਿਆ ਜਾਂਦਾ ਸੀ। ਸਾਰੇ ਸੰਸਾਰ ਵਿਚ ਮਨੁੱਖਤਾ ਦੀ ਉਤਪਤੀ ਇਸਤਰੀਆਂ ਦੇ ਉਦਰ ਤੋਂ ਹੋਈ ਪ੍ਰੰਤੂ ਫਿਰ ਉਸਨੂੰ ਪੁਰਸ਼ ਦੇ ਬਰਾਬਰ ਹੱਕ ਪ੍ਰਾਪਤ ਨਹੀਂ ਹੋਏ। ਪੁਰਸ਼ ਪ੍ਰਧਾਨ ਸਮਾਜ ਵਿਚ ਉਸਨੂੰ ਹੋਰਨਾਂ ਵਸਤਾਂ ਦੀ ਤਰ੍ਹਾਂ ਸਿਰਫ਼ ਵਸਤੂ ਹੀ ਸਮਝਿਆ ਗਿਆ।

ਵੈਦਿਕ ਕਾਲ ਵਿਚ ਔਰਤ ਦੀ ਸਥਿਤੀ ਚੰਗੀ ਸੀ। ਵੈਦਿਕ ਕਾਲ ਵਿਚ ਔਰਤ ਇਤਨੀ ਸ਼ਕਤੀਸ਼ਾਲੀ ਹੁੰਦੀ ਸੀ, ਜਿਹੜੀ ਮਹਿਖਾਸੁਰ ਵਰਗੇ ਦੈਂਤਾਂ ਨੂੰ ਵੀ ਪੈਰਾਂ ਹੇਠ ਕੁਚਲ ਸੁੱਟਦੀ ਸੀ। ਹਿੰਦੂ ਧਰਮ ਦੇ ਸ਼ਾਸਤਰਾਂ ਵਿਚ ਇਹ ਵੀ ਲਿਖਿਆ ਮਿਲਦਾ ਹੈ ਕਿ ਜਿੱਥੇ ਨਾਰੀ ਦਾ ਆਦਰ ਸਮਾਨ ਹੁੰਦਾ ਹੈ, ਉਥੇ ਹੀ ਦੇਵਤਿਆਂ ਦਾ ਵਾਸਾ ਹੁੰਦਾ ਹੈ। ਪ੍ਰੰਤੂ ਫਿਰ ਵੀ ਇਸਤਰੀਆਂ ਨੂੰ ਘਰਾਂ ਦੀ ਚਾਰ ਦੀਵਾਰੀਆਂ ਦੇ ਅੰਦਰ ਹੀ ਰੱਖਿਆ ਜਾਂਦਾ ਸੀ ਤਾਂ ਕਿ ਉਹ ਸੁਰੱਖਿਅਤ ਰਹਿਣ। ਮੱਧਕਾਲ ਵਿਚ ਔਰਤ ਦੀ ਸਥਿਤੀ ਵਧੇਰੇ ਦਰਦਨਾਕ ਹੋ ਗਈ। ਔਰਤ ਨੂੰ ਹਰ ਖੇਤਰ ਵਿਚ ਪਿਛਾਂਹ ਰੱਖਿਆਂ ਜਾਣ ਲੱਗਾ। ਸਮਾਜ ਵਿਚ ਔਰਤਾਂ ਪ੍ਰਤੀ ਕਈ ਪ੍ਰਕਾਰ ਦੀਆਂ ਕੁਰੀਤੀਆਂ ਪੈਦਾ ਹੋ ਗਈਆਂ। ਮਨੂੰ ਸਿਮਰਤੀ ਵਿਚ ਨਾਰੀ ਕਾਮਿਨੀ, ਸਰਪਣੀ ਆਦਿਕ ਕਹਿਕੇ ਨਿੰਦਿਆ ਜਾਣ ਲੱਗਾ ਜਿਵੇਂ:

**''ਢੋਰ, ਗਵਾਰ, ਔਰ ਨਾਰੀ।**
**ਤੀਨੋਂ ਤਾੜਨ ਕੇ ਅਧਿਕਾਰੀ।''**

ਮਨੂੰ ਨੇ ਤਾਂ ਇਥੋ ਤੱਕ ਵੀ ਕਿਹਾ ਕਿ ਇਸਤਰੀ ਸਭ ਦੁੱਖਾਂ ਦਾ ਮੂਲ ਕਾਰਨ ਹੈ। ਇਸ ਕਰਕੇ ਇਸਤਰੀ ਨੂੰ ਕਦੀ ਆਜ਼ਾਦੀ ਨਹੀਂ ਦੇਣੀ ਚਾਹੀਦੀ। ਇਸ ਉਤੇ ਹਮੇਸ਼ਾਂ ਕਿਸੇ ਨਾ ਕਿਸੇ ਦੀ ਸਰਪ੍ਰਸਤੀ ਚਾਹੀਦੀ ਹੈ। ਬਚਪਨ ਵਿਚ ਪਿਤਾ ਦੀ, ਵਿਆਹ ਪਿਛੋਂ ਪਤੀ ਦੀ ਅਤੇ ਜੇ ਪਤੀ ਮਰ ਜਾਵੇ ਤਾਂ ਪੁੱਤਰ ਦੀ।

ਇਸੇ ਹੀ ਤਰ੍ਹਾਂ ਬਾਕੀ ਧਰਮਾਂ ਜਿਵੇਂ ਈਸਾਈ ਧਰਮ ਵਿਚ ਵੀ ਇਸਤਰੀ ਦਾ ਦਰਜਾ ਮਰਦ ਨਾਲੋ ਨੀਵਾਂ ਹੈ। ਈਸਾਈ ਮੱਤ ਅਨੁਸਾਰ ਸਭ ਪਾਪਾਂ ਤੇ ਗੁਨਾਹਾਂ ਦਾ ਸੋਮਾਂ ਤੇ ਸਾਧਨ ਇਸਤਰੀ ਹੈ।

ਮਹਾਤਮਾ ਬੁੱਧ ਇਸਤਰੀ ਨੂੰ ਧਰਮ ਦੇ ਮਾਰਗ ਤੇ ਚੱਲਣ ਵਾਲੇ ਮਰਦਾਂ ਦੇ ਰਾਹ ਵਿਚ ਰੋੜਾ ਹੀ ਸਮਝਦੇ ਸਨ। ਮਹਾਤਮਾ ਬੁੱਧ ਦੀ ਆਪਣੇ ਭਿਖਸ਼ੂ ਆਨੰਦ ਨਾਲ ਵਾਰਤਾਲਾਪ ਤੋਂ ਸਪੱਸ਼ਟ ਹੁੰਦਾ ਕਿ ਉਹ ਇਸਤਰੀਆਂ ਨੂੰ ਕਿਸ ਤਰ੍ਹਾਂ ਦਾ ਸਮਝਦੇ ਸਨ।

''ਹੇ ਆਨੰਦ! ਔਰਤ ਨੂੰ ਤਥਾਗਤ ਦੇ ਦਸੇ ਹੋਏ ਮਾਰਗ ਉਤੇ ਚੱਲਣ ਲਈ ਗ੍ਰਹਿ ਤਿਆਗ ਕੇ ਸੰਨਿਆਸ ਵਿੱਚ ਪ੍ਰਵੇਸ਼ ਕਰਨ ਦੀ ਇਜ਼ਾਜ਼ਤ ਨਾ ਦਿੱਤੀ ਜਾਂਦੀ ਤਾਂ ਆਨੰਦ! ਧਰਮ ਆਪਣੇ ਸ਼ੁੱਧ ਰੂਪ ਵਿਚ ਕਾਫ਼ੀ ਸਮੇਂ ਲਈ, ਹਜ਼ਾਰਾਂ ਵਰ੍ਹੇ ਕਾਇਮ ਰਹਿੰਦਾ। ਹੁਣ, ਜਦ ਔਰਤ ਨੂੰ ਇਜ਼ਾਜ਼ਤ ਮਿਲ ਗਈ ਹੈ ਧਰਮ ਆਪਣੇ ਸ਼ੁੱਧ ਰੂਪ ਵਿਚ ਕੋਈ ਪੰਜ ਸੋ ਵਰ੍ਹੇ ਹੀ ਜੀਂਵਦਾ ਰਹਿ ਸਕੇਗਾ।''

ਜੋਗੀਆਂ ਨੇ ਇਸਤਰੀ ਪ੍ਰਤੀ ਨਫ਼ਰਤ ਨੂੰ ਬਿਲਕੁਲ ਸਿਰੇ ਤੇ ਪਹੁੰਚਾ ਦਿੱਤਾ। ਇਸਤਰੀ ਨੂੰ ਮੁਕਤੀ ਪ੍ਰਾਪਤ ਦੇ ਰਸਤੇ ਵਿੱਚ ਰੁਕਾਵਟ ਸਮਝਿਆ। ਨਾਥ ਜੋਗੀਆਂ ਦੇ ਇਤਿਹਾਸ ਨੂੰ ਵਾਚਣ ਤੋਂ ਪਤਾ ਲੱਗਦਾ ਹੈ ਕਿ ''ਗੋਰਖ ਨਾਥ' ਵੀ ਨਾਰੀ ਪ੍ਰਤੀ ਮੰਦੀ ਭਾਵਨਾ ਰਖਦਾ ਸੀ।

ਭਾਰਤ ਵਿਚ ਮੁਸਲਮਾਨਾਂ ਦੇ ਆਉਣ ਨਾਲ ਇਸਤਰੀ ਉੱਤੇ ਹੋਰ ਅੱਤਿਆਚਾਰ ਹੋਣ ਲੱਗ ਪਏ। ਮੁਸਲਮਾਨ ਹਾਕਮ ਇਸਤਰੀਆਂ ਨੂੰ ਜਬਰਦਸਤੀ ਉਠਾ ਕੇ, ਗੁਲਾਮ ਬਣਾ ਕੇ, ਉਹਨਾਂ ਨਾਲ ਕਈ ਪ੍ਰਕਾਰ ਦੇ ਜ਼ੁਲਮ ਕਰਨ ਲਗ ਪਏ। ਸਤੀ ਦੀ ਰਸਮ ਚੱਲ ਪਈ, ਰਾਜਪੂਤ ਔਰਤਾਂ ਜੌਹਰ ਦੀ ਰਸਮ ਕਰਨ ਲਗ ਪਈਆਂ। ਜਦੋਂ ਰਾਜਪੂਤ ਹਾਰ ਜਾਂਦੇ ਜਾਂ ਮਰ ਜਾਂਦੇ ਤਾਂ ਉਹਨਾਂ ਦੀਆਂ ਇਸਤਰੀਆਂ ਆਪਣੇ ਆਪ ਨੂੰ ਵੀ ਅਗਨ ਭੇਟ ਕਰ ਦਿੰਦੀਆਂ।

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਜੁੱਗਾਂ ਤੋਂ ਧਰਮ ਅਤੇ ਸਮਾਜ ਦੁਆਰਾ ਇਸਤਰੀ ਨੂੰ ਨੀਵਾਂ ਵਿਖਾਇਆ ਜਾਂਦਾ ਰਿਹਾ ਹੈ। ਕਈ ਵਾਰ ਔਰਤ ਨੂੰ ਜੰਮਦਿਆਂ ਹੀ ਮਾਰ ਦਿੱਤਾ ਜਾਂਦਾ ਸੀ। ਔਰਤ ਨਾਲ ਬੁਰਾ ਵਿਵਹਾਰ ਰੋਜ਼ ਹੀ ਹੁੰਦਾ ਰਿਹਾ ਸੀ ਤੇ ਹੁਣ ਵੀ ਹੋ ਰਿਹਾ ਹੈ। ਪਰੰਤੂ ਇਸ ਦੇ ਨਾਲ ਹੀ ਭਾਰਤ ਵਿਚ ਨਾਰੀ ਨੂੰ ਉੱਚਾ ਉਠਾਉਣ ਲਈ ਬਹੁਤ ਸਾਰੀਆਂ ਸਮਾਜਿਕ ਤੇ ਧਾਰਮਿਕ ਲਹਿਰਾਂ ਚੱਲਦੀਆਂ ਰਹੀਆਂ ਹਨ। ਇਸਤਰੀ ਦੀ ਸਥਿਤੀ ਵਿਚ ਸੁਧਾਰ ਕਰਨ ਲਈ ਸ਼ੁਰੂਆਤ ਤਾਂ ਕਾਫ਼ੀ ਤੇਜ਼ੀ ਨਾਲ ਹੁੰਦੀ ਹੈ ਪਰ ਹੌਲੀ-ਹੌਲੀ ਇਹ ਲਹਿਰਾਂ ਮੱਧਮ ਪੈ ਜਾਂਦੀਆਂ ਰਹੀਆਂ ਹਨ। ਜਿਵੇਂ: ਸੁਆਮੀ ਕਿਰਮਾਨੰਦ ਅਤੇ ਰਾਜਾ ਰਾਮ ਮੋਹਨ ਰਾਏ ਵਰਗੇ ਮਹਾਨ ਵਿਅਕਤੀਆਂ ਨੇ ਸਤੀ ਅਤੇ ਕੰਨਿਆਂ ਹੱਤਿਆ ਵਰਗੇ ਜ਼ੁਲਮਾਂ ਨੂੰ ਬੰਦ ਕਰਾਉਣ ਲਈ ਪੂਰੀ ਜ਼ੋਰਦਾਰ ਆਵਾਜ਼ ਉਠਾਈ ਪ੍ਰੰਤੂ ਕੰਨਿਆਂ ਹੱਤਿਆਵਾਂ ਅੱਜ ਵੀ ਪੂਰੀ ਤਰ੍ਹਾਂ ਬੰਦ ਨਹੀਂ ਹੋਈਆਂ। ਭਾਰਤ ਦੇਸ਼ ਦੇ ਅੰਦਰ ਇਸਤਰੀ ਦੀ ਅਤਿ ਨਿਘਰ ਚੁੱਕੀ ਹਾਲਤ, ਇਸਤਰੀ ਦੇ ਮਾਣ, ਸਨਮਾਨ ਅਤੇ ਉਭਾਰ ਅਤੇ ਇਸਤਰੀ ਦੇ ਹੱਕ ਲਈ ਜੇਕਰ ਕੋਈ ਆਵਾਜ਼ ਬੁਲੰਦ ਹੋਈ ਤਾਂ ਉਹ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸੀ। ਔਰਤ ਨੂੰ ਜਿਸਮ ਜਾਂ ਆਕਾਰ ਦੇ ਰੂਪ ਵਿਚ ਨਹੀਂ ਬਲਕਿ ਗੁਰੂ

ਸਾਹਿਬ ਨੇ ਸਿਰਫ਼ ਗੁਣ ਦੇ ਰੂਪ ਵਿਚ ਦੇਖਿਆ। ਗੁਰੂ ਜੀ ਨੇ ਉਹਨਾਂ ਸਾਰੇ ਗ਼ਲਤ ਖਿਆਲ੍ਹਾਂ ਤੇ ਕਰਾਰੀ ਚੋਟ ਕੀਤੀ ਜੋ ਇਸਤਰੀ ਨੂੰ ਮੁਕਤੀ ਦੇ ਰਾਹ ਵਿਚ ਰੁਕਾਵਟ ਸਮਝਦੇ ਹਨ ਅਤੇ ਉਹ ਖ਼ਿਆਲ ਜੋ ਕਿ ਕਹਿੰਦੇ ਹਨ ਕਿ ਇਸਨੂੰ ਹਰ ਸਮੇਂ ਪਹਿਲਾਂ ਪਿਤਾ, ਫਿਰ ਪਤੀ ਤੇ ਪਿਛੋਂ ਪੁੱਤਰ ਦੀ ਸੁਰੱਖਿਆ ਦੀ ਲੋੜ ਹੈ। ਗੁਰੂ ਸਾਹਿਬਾਨ ਨੇ ਕਿਹਾ ਕਿ ਇਸਤਰੀ ਦਾ ਦਰਜਾ ਨੀਵਾਂ ਨਹੀਂ ਸਗੋਂ ਆਪਣੇ ਆਪ ਵਿੱਚ ਸੰਪੂਰਨ ਹੈ ਤੇ ਉਹ ਦੇਵਰ-ਜੇਠ ਦੋਹਾਂ ਨੂੰ ਮੱਤਾਂ ਦੇਣ ਜੋਗੀ ਹੈ:

**ਸਭ ਪਰਵਾਰੈ ਮਾਹਿ ਸਰੇਸਟ॥**
**ਮਤੀ ਦੇਵੀ ਦੇਵਰ ਜੇਸਟ॥**

**ਸ੍ਰੀ ਗੁਰੂ ਗ੍ਰੰਥ ਸਾਹਿਬ,ਅੰਗ: 371**

ਗੁਰੂ ਨਾਨਕ ਦੇਵ ਜੀ ਨੇ ਸਮਝਾਇਆ ਕਿ ਸਾਰੀ ਮਨੁੱਖ ਜਾਤੀ ਨੂੰ ਜਨਮ ਦੇਣ ਵਾਲੀ ਇਸਤਰੀ ਹੈ ਫਿਰ ਉਸ ਨੂੰ ਬੁਰਾ ਭਲਾ ਕਿਉਂ ਕਹਿੰਦੇ ਹੋ? ਇਸਤਰੀ ਬਿਨ੍ਹਾਂ ਇਹ ਦੁਨੀਆਂ ਨਹੀਂ ਚਲਦੀ ਅਤੇ ਇਸਤਰੀ ਬਿਨ੍ਹਾਂ ਇਹ ਸਮਾਜ ਨਹੀਂਬਣਦਾ। ਇਸਤਰੀ ਬਿਨ੍ਹਾਂ ਕੋਈ ਰਿਸ਼ਤਾ ਨਹੀਂ ਜੁੜਦਾ। ਇਸਤਰੀ ਨਾਲ ਹੀ ਵਿਆਹ ਹੋ ਕੇ ਰਿਸ਼ਤੇਦਾਰੀ ਦੇ ਸੰਬੰਧ ਪੈਦਾ ਹੁੰਦੇ ਹਨ ਅਤੇ ਇਸ ਦੇ ਨਾਲ ਹੀ ਮਨੁੱਖੀ ਸਮਾਜ ਹੋਂਦ ਵਿਚ ਆਉਂਦਾ ਹੈ। ਜੋ ਪੀਰਾਂ, ਪੈਗੰਬਰਾਂ, ਰਾਜਿਆਂ ਤੇ ਯੋਗੀਆਂ ਨੂੰ ਜਨਮ ਦਿੰਦੀ ਹੈ ਉਸ ਇਸਤਰੀ ਨੂੰ ਨੀਵਾਂ ਕਿਵੇਂ ਕਿਹਾ ਜਾ ਸਕਦਾ ਹੈ।

**ਭੰਡਿ ਜੰਮੀਐ ਭੰਡਿ ਨਿੰਮੀਐਭੰਡਿ ਮੰਗਣੁ ਵੀਆਹੁ॥**
**ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥**
**ਭੰਡ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥**
**ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥**

**ਉਹੀ, ਅੰਗ: 473**

ਗੁਰਮਤਿ ਅਨੁਸਾਰ ਇਸਤਰੀ ਧਰਮ ਤੋਂ ਡੇਗਦੀ ਨਹੀਂ, ਸਗੋਂ ਮਰਦ ਲਈ ਧਰਮ ਵਿਚ ਪੱਕਾ ਰਹਿਣ ਲਈ ਇਸਤਰੀ ਦਾ ਸਾਥ ਜ਼ਰੂਰੀ ਹੈ। ਇਸਤਰੀ ਤੋਂ ਬਿਨ੍ਹਾਂ ਮਰਦ ਆਪਣੀ ਕਾਮ ਵਾਸ਼ਨਾ ਨੂੰ ਕਾਬੂ ਨਹੀਂ ਰੱਖ ਸਕਦਾ ਅਤੇ ਆਪਣੀ ਬਿਰਤੀ ਨੂੰ ਇਕਾਗਰ ਨਹੀਂ ਕਰ ਸਕਦਾ। ਸ੍ਰੀ ਗੁਰੂ ਹਰਗੋਬਿੰਦ ਸਹਿਬ ਨੇ ਕਿਸੇ ਦੇ ਪੁੱਛਣ ਤੇ ਇਸ ਤਰ੍ਹਾਂ ਫਰਮਾਇਆ ਸੀ।

**'ਔਰਤ ਈਮਾਨ, ਪੁੱਤਰ ਨਿਸ਼ਾਨ, ਦੌਲਤ ਗੁਜਰਾਨ'।**

ਸ੍ਰੀ ਗੁਰੂ ਅਮਰ ਦਾਸ ਜੀ ਨੇ ਗੁਰਮਤਿ ਪ੍ਰਚਾਰ ਲਈ 22 ਮੰਜੀਆਂ ਦੀ ਸਥਾਪਨਾ ਕੀਤੀ। ਇਹਨਾਂ 22 ਮੰਜੀਆਂ ਵਿਚੋਂ ਗੁਰੂ ਜੀ ਨੇ 2 ਮੰਜੀਆਂ ਇਸਤਰੀ ਪ੍ਰਚਾਰਕਾਂ ਨੂੰ ਬਖ਼ਸ਼ੀਆਂ। ਉਨ੍ਹਾਂ ਨੇ ਇਸਤਰੀਆਂ ਵਿਚ ਘੁੰਡ ਕੱਢਣ ਦਾ ਰਿਵਾਜ਼ ਖ਼ਤਮ ਕਰਨ ਦਾ ਉਪਦੇਸ਼ ਦਿੱਤਾ, ਅਤੇ ਵਿਧਵਾ ਵਿਆਹ ਨੂੰ ਉਤਸ਼ਾਹਿਤ ਕੀਤਾ ਤੇ ਸਤੀ ਦੀ ਕੋਝੀ ਰਸਮ ਦੀ ਸਖ਼ਤ ਸ਼ਬਦ ਵਿੱਚ ਨਿਖੇਧੀ ਕੀਤੀ:

**ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ।।**
**ਨਾਨਕ ਸਤੀਆ ਜਾਣੀਅਨਿ ਜਿ ਬਿਰਹੇ ਚੋਟ ਮਰੰਨਿ।।**

**ਉਹੀ, ਅੰਗ: 787**

ਸੰਸਾਰ ਦੀ ਸਿਰਜਨਾ ਅਤੇ ਵਿਕਾਸ ਦੇ ਕਾਰਜ ਵਿਚ ਇਸਤਰੀ ਪੁਰਸ਼ ਦੋਵੇਂ ਇੱਕ ਦੂਸਰੇ ਉੱਤੇ ਨਿਰਭਰ ਕਰਦੇ ਹਨ। ਆਦਮੀ-ਇਸਤਰੀ ਦਾ ਵਿਆਹ ਸਿਰਫ਼ ਸੰਤਾਨ ਉਤਪਤੀ ਦਾ ਹੀ ਸਾਧਨ ਨਹੀਂ, ਬਲਕਿ ਗੁਰਮਤਿ ਅਨੁਸਾਰ ਇਹ ਇਕ ਆਤਮਕ ਮੇਲ ਦਾ ਸਾਧਨ ਹੈ-

**ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ।।**
**ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ।।3।।**

**ਉਹੀ,ਅੰਗ: 788**

ਆਦਮੀ ਅਤੇ ਇਸਤਰੀ ਦੋਨੋਂ ਰੱਬ ਨੂੰ ਇੱਕੋ ਜਿਹਾ ਮੰਨਦੇ ਹਨ। ਪਰਮਾਤਮਾ ਅੱਗੇ ਦੋਨਾਂ ਨੂੰ ਆਪਣੇ-ਆਪਣੇ ਕਰਮਾਂ ਦਾ ਲੇਖਾ ਦੇਣਾ ਪੈਂਦਾ ਹੈ। ਜੋ ਵੀ ਇਸ ਦੁਨੀਆਂ 'ਤੇ ਆਇਆ ਹੈ ਉਸਨੇ ਇੱਕ ਦਿਨ ਜ਼ਰੂਰ ਜਾਣਾ ਹੈ, ਇਸ ਲਈ ਸਾਨੂੰ ਕਿਸੇ ਚੀਜ਼ ਦਾ ਹੰਕਾਰ ਨਹੀਂ ਕਰਨਾ ਚਾਹੀਦਾ। ਇਸ ਦੁਨੀਆਂ ਤੇ ਸਭ ਜੀਵ ਨਾਸ਼ਵਾਨ ਹਨ ਸਿਰਫ਼ ਪ੍ਰਮਾਤਮਾ ਦਾ ਨਾਮ ਹੀ ਨਾਲ ਨਿਭਣ ਵਾਲਾ ਹੈ। ਮਨੁੱਖ ਨੂੰ ਚਾਹੀਦਾ ਹੈ ਕਿ ਪੜ੍ਹ ਲਿਖ ਕੇ ਕਿਸੇ ਨੂੰ ਮੰਦਾ ਨਾ ਆਖੇ ਅਤੇ ਨਾ ਹੀ ਇਸਤਰੀ ਦੀ ਨਿੰਦਿਆ ਕਰੇ-

**ਸਭੁ ਕੋ ਆਖੈ ਆਪਣਾ ਜਿਸੁ ਨਾਹੀ ਸੋ ਚੁਣਿ ਕਢੀਐ।**
**ਕੀਤਾ ਆਪੋ ਆਪਣਾ ਆਪੇ ਹੀ ਲੇਖਾ ਸੰਢੀਐ।।**
**ਜਾ ਰਹਣਾ ਨਾਹੀ ਐਤੁ ਜਗਿ ਤਾ ਕਾਇਤੁ ਗਾਰਬਿ ਹੰਢੀਐ।।**
**ਮੰਦਾ ਕਿਸੈ ਨ ਆਖੀਐ ਪੜਿ ਅਖਰੁ ਏਹੋ ਬੁਝੀਐ।।**
**ਮੂਰਖੈ ਨਾਲਿ ਨ ਲੁਝੀਐ।।**

**ਉਹੀ, ਅੰਗ: 473**

ਇਸ ਤਰ੍ਹਾਂ ਸਿੱਖ ਧਰਮ ਵਿੱਚ ਮਰਦ ਅਤੇ ਇਸਤਰੀ ਦੀ ਬਰਾਬਰੀ ਦਾ ਫ਼ਲਸਫ਼ਾ ਪੇਸ਼ ਕੀਤਾ ਗਿਆ ਹੈ। ਗੁਰੂ ਕਾਲ ਤੋਂ ਪਹਿਲਾਂ ਜੋ ਮਾਨਸਿਕਤਾ ਅਤੇ ਵਿਚਾਰ ਭਾਰਤ ਵਿਚ ਇਸਤਰੀ ਬਾਰੇ ਪ੍ਰਚਲਿਤ ਸਨ, ਉਨ੍ਹਾਂ ਨੂੰ ਰੱਦ ਕਰਦਿਆਂ ਦੱਸਿਆ ਗਿਆ ਹੈ ਕਿ ਹਰ ਮਰਦ ਅਤੇ ਇਸਤਰੀ ਵਿਚ ਗੁਣ ਅਤੇ ਔਗੁਣ ਹਨ। ਅਵਗੁਣ ਰਹਿਤ ਕੇਵਲ ਪ੍ਰਮਾਤਮਾ ਹੀ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਾਰੇ ਜਗਤ ਨੂੰ ਇਸਤਰੀ ਦੀ ਮਹੱਤਤਾ, ਮਾਣ ਅਤੇ ਸਮਾਜ ਵਿਚ ਉਸ ਦਾ ਯੋਗਦਾਨ ਅਤੇ ਸ੍ਰਿਸ਼ਟੀ ਸਿਰਜਨਾ ਵਿਚ ਉਸ ਦੇ ਅਤੀ ਲੋੜੀਂਦੇ ਕਿਰਦਾਰ ਬਾਰੇ ਸਮਝਾਇਆ ਅਤੇ ਸਪੱਸ਼ਟ ਕੀਤਾ ਗਿਆ ਹੈ। ਸਿੱਖ ਇਤਿਹਾਸ ਵਿਚ ਕਿਤਨੀਆਂ ਹੀ ਅਜਿਹੀਆਂ ਉਦਾਹਰਣਾਂ ਮਿਲਦੀਆਂ ਹਨ ਕਿ ਜਦੋਂ ਸਿੱਖ ਬੀਬੀਆਂ ਨੇ ਧਰਮ ਅਤੇ ਸਮਾਜ ਵਿੱਚ ਆਪਣਾ ਲੋੜੀਂਦਾ

ਅਤੇ ਉਤਮ ਕਿਰਦਾਰ ਨਿਭਾਇਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਰੱਬ ਰੂਪ ਹੋਣ ਦੀ ਪਛਾਣ ਉਨ੍ਹਾਂ ਦੀ ਭੈਣ ਬੇਬੇ ਨਾਨਕੀ ਨੇ ਹੀ ਕੀਤੀ ਸੀ। ਮਾਤਾ ਤ੍ਰਿਪਤਾ ਜੀ ਪਾਸੋਂ ਗੁਰੂ ਨਾਨਕ ਦੇਵ ਜੀ ਨੇ ਮੁੱਢਲੇ ਸਮਾਜਿਕ ਸੰਸਕਾਰ ਗ੍ਰਹਿਣ ਕੀਤੇ। 'ਸੰਗਤ ਅਤੇ ਪੰਗਤ' ਦੇ ਸਿਧਾਂਤ ਨੂੰ ਖਡੂਰ ਸਾਹਿਬ ਵਿਖੇ ਮਾਤਾ ਖੀਵੀ ਜੀ ਨੇ ਅਮਲੀ ਰੂਪ ਵਿਚ ਲਾਗੂ ਕਰਨ ਲਈ ਗੁਰੂ ਸਾਹਿਬ ਦਾ ਪੂਰਾ ਸਹਿਯੋਗ ਦਿੱਤਾ। ਸ੍ਰੀ ਗੁਰੂ ਅਮਰਦਾਸ ਜੀ ਦੇ ਮਹਿਲ ਰਾਮ ਕੌਰ ਨੇ 'ਪਹਿਲੇ ਪੰਗਤ ਪਾਛੈ ਸੰਗਤ' ਦੇ ਸਿਧਾਂਤ ਨੂੰ ਯਕੀਨੀ ਬਣਾਇਆ। ਇਸ ਸਿਧਾਂਤ ਅਨੁਸਾਰ ਹੀ ਅਕਬਰ ਬਾਦਸ਼ਾਹ ਨੂੰ ਪਹਿਲਾਂ ਪੰਗਤ ਵਿਚ ਬੈਠ ਕੇ ਲੰਗਰ ਛਕਣ ਉਪਰੰਤ ਗੁਰੂ ਸਾਹਿਬ ਦੇ ਦਰਸ਼ਨ ਕਰਨ ਦੀ ਆਗਿਆ ਮਿਲੀ। ਗੁਰੂ ਤੇਗ ਬਹਾਦਰ ਜੀ ਦੇ ਮਹਿਲ ਮਾਤਾ ਗੁਜਰੀ ਜੀ ਨੇ ਆਪਣੇ ਪੋਤਰਿਆਂ ਨੂੰ ਚੜ੍ਹਦੀ ਕਲ੍ਹਾਂ ਵਿਚ ਰੱਖਣ ਦੀ ਬੇਮਿਸਾਲ ਜ਼ਿੰਮੇਵਾਰੀ ਨਿਭਾਈ, ਸਰਹਿੰਦ ਦੇ ਠੰਡੇ ਬੁਰਜ ਵਿਖੇ ਸ਼ਹੀਦੀ ਪਾਈ ਅਤੇ ਭਾਰਤ ਦੀ ਪਹਿਲੀ 'ਇਸਤਰੀ ਸ਼ਹੀਦ' ਹੋਣ ਦਾ ਮਾਣ ਪ੍ਰਾਪਤ ਕਰ ਕੇ ਨਵਾਂ ਇਤਿਹਾਸ ਸਿਰਜ ਦਿੱਤਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ 1699ਈ. ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ 'ਖੰਡੇ ਦੀ ਪਾਹੁਲ' ਤਿਆਰ ਕਰਨ ਸਮੇਂ ਮਾਤਾ ਸਾਹਿਬ ਕੌਰ ਜੀ ਨੇ ਪਵਿੱਤਰ ਜਲ ਵਿਚ ਪਤਾਸੇ ਪਾ ਕੇ ਖਾਲਸਾ ਪੰਥ ਦੇ ਹਿਰਦੇ ਵਿਚ ਸਦਾ ਲਈ ਨਿਮਰਤਾ, ਹਲੀਮੀ ਅਤੇ ਮਿਠਾਸ ਨੂੰ ਯਕੀਨੀ ਬਣਾ ਦਿੱਤਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਂਦੇੜ (ਹਜ਼ੂਰ ਸਾਹਿਬ) ਵਿਖੇ ਜੋਤੀ-ਜੋਤ ਸਮਾਉਣ ਤੋਂ ਬਾਅਦ ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬ ਕੌਰ ਜੀ ਨੇ ਲੰਮਾ ਸਮਾਂ ਪੰਥ ਦੀਆਂ ਜ਼ਿੰਮੇਵਾਰੀਆਂ ਨੂੰ ਬਾਖੂਬੀ, ਨਿਸ਼ਠਾ, ਨਿਮਰਤਾ, ਦ੍ਰਿੜਤਾ ਨਾਲ ਨਿਭਾਇਆ। ਮਾਤਾ ਭਾਗ ਕੌਰ ਨੇ ਬੇਵਫਾਈ ਕਰਨ ਵਾਲੇ ਸਿੰਘਾਂ ਨੂੰ ਵਾਪਸ ਲਿਆ ਕੇ ਉਨ੍ਹਾਂ ਦੀ ਕਮਾਂਡ ਕਰਦਿਆਂ ਹੋਇਆਂ ਖਿਦਰਾਣੇ ਦੀ ਢਾਬ ਤੇ ਜੰਗ ਕੀਤੀ ਅਤੇ ਵੱਖਰਾ ਇਤਿਹਾਸ ਸਿਰਜ ਦਿੱਤਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿੱਚ ਅਤੇ ਗੁਰੂ ਘਰ ਵਿੱਚ ਇਸਤਰੀ ਨੂੰ ਅਤਿ ਉੱਚਾ ਦਰਜਾ ਦਿੱਤਾ ਗਿਆ ਹੈ। ਅਰਦਾਸ ਵਿਚ ਜਦ ਸਾਰੇ ਖੜ੍ਹੇ ਹੋ ਕੇ "ਜਿਨ੍ਹਾਂ ਸਿੰਘਾਂ, ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ" ਆਖਦੇ ਹਾਂ ਤਾਂ ਇਹ ਗੱਲ ਉਦੋਂ ਹੀ ਸਪੱਸ਼ਟ ਹੋ ਜਾਂਦੀ ਹੈ ਕਿ ਸਿੱਖ ਧਰਮ ਵਿਚ ਵੀ ਔਰਤ ਦਾ ਸਥਾਨ ਕਿੰਨ੍ਹਾਂ ਸਤਿਕਾਰ ਯੋਗ ਅਤੇ ਨਿਵੇਕਲਾ ਹੈ। ਸਿੱਖ ਰਹਿਤ ਮਰਯਾਦਾ ਵਿਚ ਇਸਤਰੀ ਨੂੰ ਬਰਾਬਰ ਦੇ ਅਧਿਕਾਰ ਦਿੱਤੇ ਗਏ ਹਨ, ਅਤੇ ਇਸਤਰੀ ਜਾਤੀ ਨਾਲ ਬੁਰਾ ਵਿਹਾਰ ਕਰਨ ਵਿਰੁੱਧ ਸਖ਼ਤ ਤਾੜਨਾ ਕੀਤੀ ਗਈ ਹੈ, ਜਿਵੇ:

**ਗੁਰੂ ਦਾ ਸਿੱਖ ਕੰਨਿਆ ਨਾ ਮਾਰੇ,**
**ਕੁੜੀ-ਮਾਰ ਨਾਲ ਨਾ ਵਰਤੇ।**

**ਸੱਖ ਰਹਿਤ ਮਰਿਯਾਦਾ, ਪੰਨਾ: 20**

ਸਿੱਖ ਧਰਮ ਵਿੱਚ ਭਰੂਣ ਹੱਤਿਆ ਕਰਨ ਵਾਲਾ ਵੀ ਉਨ੍ਹਾਂ ਹੀ ਦੋਸ਼ੀ ਹੈ, ਜਿੰਨਾ ਕੁੜੀ ਮਾਰਨ ਵਾਲਾ। ਸਿੱਖ ਧਰਮ ਅੰਦਰ ਹਰ ਦੇਸ਼, ਹਰ ਮਜ਼ਹਬ ਤੇ ਹਰ ਜਾਤੀ ਦੀ ਹਰ ਇਸਤਰੀ ਨੂੰ ਧਾਰਮਿਕ ਆਜ਼ਾਦੀ ਹੈ। ਉਸਦੇ ਅਧਿਕਾਰ ਮਰਦ ਦੇ ਬਰਾਬਰ ਹਨ। ਉਹ ਬਿਨ੍ਹਾਂ ਕਿਸੇ ਰੋਕ-ਟੋਕ ਦੇ ਗੁਰਦੁਆਰੇ ਜਾ ਸਕਦੀ ਹੈ, ਪਾਠ-ਪੂਜਾ ਕਰ ਸਕਦੀ ਹੈ। ਵਿਦਿਆ ਪ੍ਰਾਪਤ ਕਰ ਸਕਦੀ ਹੈ, ਉਸ ਉੱਤੇ ਪਰਦੇ ਦੀ ਕੋਈ ਬੰਦਸ਼ ਨਹੀਂ। ਜੰਗ ਵਿਚ ਉਹ ਮਰਦ ਦੇ ਬਰਾਬਰ ਹਿੱਸਾ ਲੈ ਸਕਦੀ ਹੈ। ਉਸਨੂੰ ਮਰਦ ਦੇ ਬਰਾਬਰ ਅੰਮ੍ਰਿਤ ਛਕਾਇਆ ਜਾਂਦਾ ਹੈ। ਸੈਕੜਿਆਂ ਵਰ੍ਹਿਆਂ ਤੋਂ ਲਿਤਾੜੀ ਜਾਂਦੀ, ਭਾਰਤੀ ਇਸਤਰੀ ਨੂੰ ਗੁਰਮਤਿ ਵਿਚ ਉਤਾਂਹ ਚੁੱਕਿਆ ਗਿਆ ਅਤੇ ਉਸਨੂੰ ਸਮਾਜ ਵਿਚ ਸਨਮਾਨ ਯੋਗ ਸਥਾਨ ਦਿਵਾਇਆ ਗਿਆ।

ਗੁਰਮਤਿ ਵਿਚ ਜਿੱਥੇ ਸਿਧਾਂਤਕ ਰੂਪ ਵਿਚ ਇਸਤਰੀ ਦੇ ਹੱਕ ਵਿਚ ਆਵਾਜ਼ ਬੁਲੰਦ ਕੀਤੀ ਗਈ ਉੱਥੇ ਵਿਵਹਾਰਕ ਰੂਪ ਵਿੱਚ ਲਾਗੂ ਵੀ ਕੀਤੀ ਗਈ। ਅੱਜ ਲੋੜ ਹੈ ਆਪਣੀ ਸੁੱਤੀ ਹੋਈ ਮਾਨਸਿਕਤਾ ਨੂੰ ਜਗਾਉਣ ਦੀ। ਇਸਤਰੀ ਪ੍ਰਤੀ ਆਪਣੇ ਨਜ਼ਰੀਏ ਨੂੰ ਗੁਰਮਤਿ ਅਨੁਸਾਰ ਬਣਾਉਣ ਦੀ।

**ਅਸਿਸਟੈਂਟ ਪ੍ਰੋ: ਜਸਵਿੰਦਰ ਸਿੰਘ,**
**ਸ੍ਰੀ ਗੁਰੂ ਅੰਗਦ ਦੇਵ ਇੰਸਟੀਚਿਊਟ ਆਫ ਰਿਲੀਜੀਅਸ ਸਟੱਡੀਜ਼, ਨਿਸ਼ਾਨ-ਏ-ਸਿੱਖੀ, ਖਡੂਰ ਸਾਹਿਬ।**
ਮੋਬਾ. 7508786676

**ਸਵਰਗ ਦਾ ਸੁਪਨਾ ਛੱਡ ਦੇ, ਨਰਕ ਦਾ ਡਰ ਛੱਡ ਦੇ,**
**ਕੀ ਪਤਾ ਕੀ ਪਾਪ ਹੈ ਕੀ ਪੁੰਨ ਹੈ।**
**ਬੱਸ ਕਿਸੇ ਦਾ ਦਿਲ ਨਾ ਦੁਖੇ ਆਪਣੇ ਸੁਆਰਥ ਵਿਚ**
**ਬਾਕੀ ਸਭ ਪ੍ਰਮਾਤਮਾ 'ਤੇ ਛੱਡ ਦੇ।**

# ਢੀਠਤਾ

**'ਬਹੀਐ ਪੜਿਆ ਪਾਸਿ' ਸਿੰਘ ਸਾਹਿਬ ਗਿ. ਜਸਵੰਤ ਸਿੰਘ ਪ੍ਰਵਾਨਾ ਜੀ ਦੀ ਪੁਸਤਕ ਵਿਚੋਂ ਲੇਖ ਉਨ੍ਹਾਂ ਦੀ ਇਜਾਜ਼ਤ ਲੈ ਕੇ ਧੰਨਵਾਦ ਸਹਿਤ ਮੈਗਜ਼ੀਨ 'ਲੁਬਾਣਾ ਸੇਵਕ' ਵਿਚ ਛਾਪੇ ਜਾ ਰਹੇ ਹਨ। ਅਸੀਂ ਸਿੰਘ ਸਾਹਿਬ ਗਿ. ਜਸਵੰਤ ਸਿੰਘ ਪ੍ਰਵਾਨਾ ਜੀ ਦੇ ਅਤਿ ਧੰਨਵਾਦੀ ਹਾਂ।**

**ਇੰਜੀ. ਪਰਮਿੰਦਰਜੀਤ ਸਿੰਘ, ਕੋ-ਆਡੀਟਰ**

**ਬਦਬਖਤ ਹਮਚੁ ਬਖੀਲ ਗਾਫਿਲ ਬੇਨਜਰ ਬੇਬਾਕ।**

(ਤਿਲੰਗ ਮ : ੧, ਪੰਨਾ ੭੨੧)

ਸਤਿਗੁਰੂ ਨਾਨਕ ਦੇਵ ਜੀ ਤਿਲੰਗ ਰਾਗ ਵਿਚ ਫ਼ੁਰਮਾਉਂਦੇ ਹਨ – ਹੇ ਪ੍ਰਮਾਤਮਾ, ਮੇਰੇ ਵਰਗਾ ਕੋਈ ਨਿਭਾਗਾ, ਨਿੰਦਕ, ਲਾਪਰਵਾਹ, ਢੀਠ ਤੇ ਨਿਡਰ ਨਹੀਂ ਹੈ।



ਇਹ ਸਾਰੇ ਅਵਗੁਣ ਤਾਂ ਹੋ ਰਹੇ ਹਨ ਮੁੱਖ ਅਵਗੁਣ ਹੈ ਕਿ ਬੰਦਾ ਢੀਠ ਹੈ। ਢੀਠ ਵੇਖਦਾ ਹੈ, ਸੁਣਦਾ ਹੈ, ਪੜ੍ਹਦਾ ਹੈ, ਹਾਂ ਵਿਚ ਹਾਂ ਵੀ ਮਿਲਾਉਂਦਾ ਹੈ ਪਰ ਗੱਲ ਮੰਨਣ ਵਾਸਤੇ ਤਿਆਰ ਨਹੀਂ ਹੁੰਦਾ। ਗਲਤੀਆਂ ਦੀ ਪੁਨਰਉਕਤੀ ਹੋ ਰਹੀ ਹੈ, ਉਹੋ ਹੀ ਗਲਤੀਆਂ ਹਨ ਜੋ ਵਾਰ-ਵਾਰ ਦੁਹਰਾਈਆਂ ਜਾ ਰਹੀਆਂ ਹਨ। ਧਿਆਨ ਨਾਲ ਵੇਖੀਏ ਤਾਂ ਸਾਫ਼ ਦਿਸੇਗਾ ਕਿ ਜਿਹੜੀਆਂ ਗਲਤੀਆਂ ਮਨੁੱਖ ਕਰ ਰਿਹਾ ਹੈ ਇਹ ਇਸ ਦਾ ਪਿਤਾ, ਇਸ ਦਾ ਦਾਦਾ, ਇਸ ਦਾ ਪੜਦਾਦਾ ਅੱਗੋਂ ਉਸ ਦਾ ਦਾਦਾ, ਪੜਦਾਦਾ ਸਭ ਕਰਦੇ ਆਏ ਹਨ। ਦਾਦਾ, ਪੋਤਰੇ ਨੂੰ ਜ਼ਰੂਰ ਆਗਾਹ ਕਰਦਾ ਹੈ, ਸੁਚੇਤ ਕਰਦਾ ਹੈ ਕਿ ਇਹ ਗਲਤੀ ਨਾ ਕਰੀਂ, ਪਰ ਪੋਤਰਾ ਭਲੀ-ਭਾਂਤ ਜਾਣਦਾ ਹੈ ਕਿ ਜਿਸ ਗੱਲੋਂ ਮੈਨੂੰ ਦਾਦਾ ਵਰਜ ਰਿਹਾ ਹੈ, ਇਹ ਗਲਤੀ ਮੇਰੇ ਬਾਪ ਨੇ ਵੀ ਕੀਤੀ ਹੈ ਅਤੇ ਦਾਦਾ ਵੀ ਕਰਦਾ ਰਿਹਾ ਹੈ ਕਿਉਂਕਿ ਇਹ ਵੀ ਹੈ ਤਾਂ ਮੇਰੇ ਬਾਪ ਦਾ ਬਾਪ ਹੀ।

ਭਾਈ ਗੁਰਦਾਸ ਜੀ ਨੇ ਜਿਨ੍ਹਾਂ ਗਲਤੀਆਂ ਦਾ ਜ਼ਿਕਰ ਕੀਤਾ ਹੈ ਗੁਰੂ ਨਾਨਕ ਦੇਵ ਦੇ ਆਉਣ ਤੋਂ ਪਹਿਲਾਂ ਹੋ ਰਹੀਆਂ ਸਨ। ਇਹ ਸੱਚ ਹੈ ਕਿ ਉਸ ਤੋਂ ਵਧੀਕ ਦੁਆਪਰ ਵਿਚ ਤੇ ਤ੍ਰੇਤੇ ਵਿਚ ਹੋਈਆਂ ਸਨ। ਉਸ ਤੋਂ ਜ਼ਿਆਦਾ ਸਤਿਜੁਗ ਵਿਚ ਹੋਈਆਂ ਸਨ ਤੇ ਕਿਤੇ ਜ਼ਿਆਦਾ ਅੱਜ ਵੀ ਹੋ ਰਹੀਆਂ ਹਨ। ਅੱਜ ਗਲਤੀਆਂ ਕਰਨ ਲਈ ਸਾਧਨ ਬਹੁਤ ਵੱਡੇ ਹੋ ਗਏ ਹਨ। ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ ਗਲਤੀਆਂ ਜਾਂ ਪਾਪ ਇਹ ਸਨ :

**ਕਲ ਆਈ ਕੁਤੇ ਮੁਹੀ ਖਾਜ ਹੋਆ ਮੁਰਦਾਰ ਗੁਸਾਈ।**
**ਰਾਜੇ ਪਾਪ ਕਮਾਵਦੇ ਉਲਟੀ ਵਾੜ ਖੇਤ ਕਉ ਖਾਈ।**
**ਪਰਜਾ ਅੰਧੀ ਗਿਆਨ ਬਿਨ ਕੂੜ ਕੁਸਤ ਮੁਖਹੁ ਅਲਾਈ।**
**ਚੇਲੇ ਸਾਜ ਵਜਾਇਦੇ ਨਚਨਿ ਗੁਰੂ ਬਹੁ ਬਿਧ ਭਾਈ।**
**ਸੇਵਕ ਬੈਠਨ ਘਰਾਂ ਵਿਚਿ ਗੁਰ ਉਠਿ ਘਰੀ ਤਿਨਾੜੇ ਜਾਈ।**
**ਕਾਜ਼ੀ ਹੋਇ ਰਿਸ਼ਵਤੀ ਵਢੀ ਲੈ ਕੇ ਹਕ ਗਵਾਈ।**
**ਇਸਤ੍ਰੀ ਪੁਰਖੈ ਦਾਮ ਹਿਤ ਭਾਵੈ ਆਇ ਕਿਥਾਊ ਜਾਈ।**
**ਵਰਤਿਆ ਪਾਪ ਸਭਸ ਜਗ ਮਾਂਹੀ।**

ਪਾਪ ਕਰਨ ਦੇ ਢੰਗ ਬਦਲ ਜਾਂਦੇ ਹਨ। ਬੰਦਾ ਏਨਾ ਢੀਠ ਹੈ ਕਿ ਗਲਤੀ ਦਾ ਢੰਗ ਬਦਲ ਦੇਵੇਗਾ ਨਾਂ ਬਦਲ ਦੇਵੇਗਾ ਲੇਕਿਨ ਗਲਤੀ ਜ਼ਰੂਰ ਕਰੇਗਾ ਅਤੇ ਪਹਿਲੇ ਨਾਲੋਂ ਵੀ ਵੱਡੀ ਗਲਤੀ ਕਰੇਗਾ। ਕਹੇਗਾ ਚੋਰੀ ਕਰਦਾ ਹਾਂ ਪਰ ਆਪਣੇ ਲਈ ਥੋੜ੍ਹਾ ਕਰਦਾ ਹਾਂ ਇਹ ਤਾਂ ਮੈਂ ਪਰਉਪਕਾਰ ਲਈ ਕਰਦਾ ਹਾਂ। ਇਹ ਬੰਦਾ ਤਾਂ ਮੈਂ ਦੇਸ਼ ਦੇ ਭਲੇ ਵਾਸਤੇ ਮਾਰਿਆ ਹੈ। ਏਨੇ ਧਾਰਮਿਕ ਅਸਥਾਨ, ਏਨੇ ਧਾਰਮਿਕ ਗ੍ਰੰਥ ਇਹ ਤਾਂ ਦੇਸ਼ ਦੇ ਭਲੇ ਲਈ ਸਾੜੇ ਹਨ, ਏਨੇ ਘਰ ਸਾੜੇ, ਏਨੀਆਂ ਅਬਲਾ ਦੇ ਸੁਹਾਗ ਲੁੱਟੇ, ਉਨ੍ਹਾਂ ਦੀ ਇੱਜ਼ਤ ਲੁੱਟੀ ਇਹ ਸਭ ਪਰਉਪਕਾਰ ਕੀਤਾ ਹੈ। ਲੇਕਿਨ ਪਾਪ ਤਾਂ ਉੱਥੇ ਦਾ ਉੱਥੇ ਹੀ ਹੈ। ਇਕ ਅਦੀਬ ਲਿਖਦਾ ਹੈ :

**ਹਜ਼ਾਰੋ ਤਰਹ ਤਖ਼ੀਅਲ ਨੇ ਕਰਵਟੇਂ ਬਦਲੀ**
**ਕਫ਼ਸ ਕਫ਼ਸ ਹੀ ਰਹਾ ਆਸ਼ੀਆਂ ਬਨ ਨਾ ਸਕਾ**

ਇਕ ਵਾਰ ਇਕ ਸੱਜਣ ਡਾਕਟਰ ਕੋਲ ਗਿਆ ਕਿ ਮੈਂ ਬੀਮਾਰ ਹਾਂ। ਡਾਕਟਰ ਨੇ ਕਿਹਾ, "ਤੇਰਾ ਵਜ਼ਨ ਬਹੁਤ ਜ਼ਿਆਦਾ ਹੈ। ਆਪਣਾ ਵਜ਼ਨ ਘਟਾ, ਤੂੰ ਦੱਸ, ਦਿਹਾੜੀ ਵਿਚ ਕਿੰਨੀਆਂ ਰੋਟੀਆਂ ਖਾਂਦਾ ਹੈ।" ਉਸ ਨੇ ਕਿਹਾ, "ਵੀਹ ਰੋਟੀਆਂ ਖਾਂਦਾ ਹਾਂ।" ਡਾਕਟਰ ਨੇ ਕਿਹਾ 10 ਰੋਟੀਆਂ ਕਰ ਦੇ। ਮਰੀਜ਼ ਨੇ ਕਿਹਾ ਠੀਕ ਹੈ। ਮਹੀਨੇ ਬਾਅਦ ਆਇਆ ਵਜ਼ਨ ਫਿਰ ਉਤਨਾ ਹੀ ਹੈ, ਘਟਿਆ ਨਹੀਂ।

ਡਾਕਟਰ ਨੇ ਕਿਹਾ ਰੋਟੀਆਂ 5 ਕਰ ਦੇ, 5 ਕਰ ਦਿੱਤੀਆਂ। ਮਹੀਨੇ ਬਾਅਦ ਫਿਰ ਆਇਆ ਵਜ਼ਨ ਫਿਰ ਓਨਾ ਹੀ ਹੈ। ਡਾਕਟਰ ਨੇ ਕਿਹਾ, "ਰੋਟੀਆਂ ਦੋ ਖਾਇਆ ਕਰ ਇਕ ਦਿਨ ਵਿਚ ਦੋ ਰੋਟੀਆਂ।" ਇਸ ਵਾਰ ਮਰੀਜ਼ ਨੇ ਕਿਹਾ, "ਇਹ ਮੁਸ਼ਕਿਲ ਹੈ ਮੇਰਾ ਪਹਿਲੇ ਹੀ ਪੇਟ ਖਰਾਬ ਹੋ ਗਿਆ ਹੈ। ਦੋ ਰੋਟੀਆਂ ਤਾਂ ਏਨੇ ਆਟੇ ਦੀਆਂ ਬਣ ਹੀ ਨਹੀਂ ਸਕਦੀਆਂ। ਮੈਂ ਪੰਜ ਵੀ ਬੜੀ ਮੁਸ਼ਕਿਲ ਬਣਾਉਂਦਾ ਹਾਂ ਕਿਉਂਕਿ ਮੈਂ ਰੋਟੀਆਂ ਦੀ ਗਿਣਤੀ ਘਟਾਈ ਹੈ ਆਟੇ ਦਾ ਵਜ਼ਨ ਨਹੀਂ ਘਟਾਇਆ ਆਟਾ ਓਨਾ ਹੀ ਹੈ।"

ਬੰਦਾ ਸਿਰਫ਼ ਪਾਪ ਦਾ ਨਾਂ ਬਦਲਦਾ ਹੈ ਪਾਪ ਨਹੀਂ। ਗਲਤੀ ਦਾ ਨਾਂ

ਬਦਲ ਦਿੰਦਾ ਹੈ ਪਰ ਆਟਾ ਉਤਨਾ ਹੀ ਲਗਾ ਰਿਹਾ ਹੈ, ਆਟਾ ਘੱਟ ਨਹੀਂ ਕਰ ਰਿਹਾ। ਇਕ ਹੀ ਆਸ ਹੈ ਉਹ ਢੰਗ ਸਤਿਗੁਰੂ ਜਾਪੁ ਸਾਹਿਬ ਵਿਚ ਦੱਸਦੇ ਹਨ। ਹੇ ਪ੍ਰਮਾਤਮਾ ! ਜਿੰਨਾ ਢੀਠ ਹੋ ਕੇ ਇਹ ਪਾਪ ਕਰਦਾ ਹੈ ਓਨਾ ਹੀ ਢੀਠ ਹੋ ਕੇ ਤੂੰ ਇਸ ਨੂੰ ਪਾਪਾਂ ਤੋਂ ਰੋਕ। ਓਨਾ ਹੀ ਢੀਠ ਹੋ ਕੇ ਤੂੰ ਇਸ ਤੇ ਬਖਸ਼ਸ਼ ਕਰ। ਸਾਹਿਬ ਕਹਿੰਦੇ ਹਨ ਮੈਨੂੰ ਆਸ ਹੈ ਕਿ ਬੰਦੇ ਦੀ ਗੱਲ ਬਣ ਜਾਵੇਗੀ ਕਿਉਂਕਿ ਜੇ ਬੰਦਾ ਢੀਠ ਹੈ ਤਾਂ ਤੂੰ ਅਤਿ ਢੀਠ ਹੈਂ। ਤੂੰ ਮਹਾਂ ਢੀਠ ਹੈਂ। ਤੇਰੇ ਵਰਗੀ ਫਰਜ਼ ਸ਼ਿਨਾਸੀ ਕਿਤੇ ਨਹੀਂ ਵੇਖੀ। ਤੇਰੇ ਬਖਸ਼ਸ਼ ਵਾਲੇ ਕਰਮ ਅਤਿ ਢੀਠਾਂ ਵਾਲੇ ਹਨ, ਭਾਵ ਤੇਰੀ ਕ੍ਰਿਪਾ ਕਰਨ ਵਾਲੀ ਦ੍ਰਿੜ੍ਹਤਾ, ਬੰਦੇ ਦੀਆਂ ਗਲਤੀਆਂ ਕਰਨ ਵਾਲੀ ਬ੍ਰਿਤੀ ਤੋਂ ਮਜ਼ਬੂਤ ਹੈ। ਜੇ ਬੰਦਾ ਭੁੱਲਣ ਲਈ ਦ੍ਰਿੜ੍ਹ ਹੈ ਤਾਂ ਤੂੰ ਇਸ ਨੂੰ ਵਾਰ-ਵਾਰ ਰਾਹੇ ਪਾਉਣ ਲਈ ਦ੍ਰਿੜ੍ਹ ਹੈਂ। ਜੇ ਬੰਦਾ ਢੀਠ ਹੈ ਤਾਂ ਤੂੰ ਕਰਮ ਲਈ ਇਸ ਤੋਂ ਜ਼ਿਆਦਾ ਦ੍ਰਿੜ੍ਹ ਹੈਂ।

**ਆਡੀਠ ਧਰਮ ਅਤਿ ਢੀਨ ਕਰਮ।(ਜਾਪੁ ਸਾਹਿਬ)**

ਪ੍ਰਮਾਤਮਾ ਸਾਡਾ ਪਿੱਛਾ ਕਰਦਾ ਹੈ, ਅਸੀਂ ਪਾਪਾਂ ਦਾ ਪਿੱਛਾ ਨਹੀਂ ਛੱਡਦੇ। ਅਸੀਂ ਕਿੰਨੀਆਂ ਵੀ ਗਲਤੀਆਂ ਕਰੀਏ ਅਸੀਂ ਪ੍ਰਮਾਤਮਾ ਤੋਂ ਕਿੰਨੇ ਕੁ ਦੂਰ ਜਾ ਸਕਦੇ ਹਾਂ। ਮੱਛੀ ਪਾਣੀ ਤੋਂ ਕਿੰਨੀ ਕੁ ਦੂਰ ਜਾਏਗੀ। ਸਤਿਗੁਰਾਂ ਦਾ ਫ਼ੁਰਮਾਨ ਹੈ :

**ਤਿਸੁ ਤਜਿ ਅਵਰ ਕਹਾ ਕੋ ਜਾਇ ॥ ਸਭ ਸਿਰਿ ਏਕ ਨਿਰੰਜਨ ਰਾਇ ॥**

**(ਸੁਖਮਨੀ ਮ : ੫, ਪੰਨਾ ੨੯੨)**

ਪ੍ਰਮਾਤਮਾ ਸਾਡੇ ਤੋਂ ਕਦੀ ਵੀ ਨਿਰਾਸ਼ ਨਹੀਂ ਹੁੰਦਾ। ਗੁਰੂ ਵੀ ਸਾਡੇ ਤੋਂ ਕਦੀ ਉਦਾਸ ਤੇ ਨਿਰਾਸ਼ ਨਹੀਂ ਹੁੰਦਾ। ਇਕ ਵਾਰ ਇਕ ਫ਼ਕੀਰ ਨੇ ਇਕ ਦੁਸ਼ਟ ਬੰਦੇ ਲਈ ਕਿਹਾ ਸੀ, "ਪ੍ਰਮਾਤਮਾ ! ਮੈਂ ਹਾਰ ਗਿਆ ਹਾਂ, ਪਰ ਇਹ ਨਹੀਂ ਸੁਧਰਿਆ। ਇਸ ਦੇ ਸੁਧਰਨ ਦੀ ਮੈਨੂੰ ਕੋਈ ਆਸ ਨਹੀਂ।" ਪ੍ਰਮਾਤਮਾ ਵੱਲੋਂ ਆਵਾਜ਼ ਆਈ, ਉਹ ਆਪਣੀ ਢੀਠਤਾ ਨਹੀਂ ਛੱਡਦਾ ਤਾਂ ਤੂੰ ਆਪਣੀ ਦ੍ਰਿੜ੍ਹਤਾ ਕਿਉਂ ਛੱਡਦਾ ਹੈਂ ਥੋੜ੍ਹਾ ਚਿਰ ਹੋਰ ਉਡੀਕ। ਬਸ ਇਕ ਰਾਤ ਬਤੀਤ ਹੋਈ ਤਾਂ ਉਹ ਦੁਸ਼ਟ ਬੰਦਾ ਸੁਧਰ ਗਿਆ। ਰਾਤੀਂ ਜਿਹੜਾ ਸਾਕਤ ਸੀ ਸਵੇਰ ਨੂੰ ਉਹ ਸੰਤ ਸੀ।

**ਅਜਬ ਕੰਮ ਕਰਤੇ ਹਰਿ ਕੇਰੇ ॥ ਇਹੁ ਮਨੁ ਭੁਲਾ ਜਾਂਦਾ ਫੇਰੇ ॥**

**(ਮਾਝ ਮ : ੩, ਪੰਨਾ ੧੧੮)**

ਸਾਨੂੰ ਇਹ ਗੱਲ ਧਿਆਨ ਨਾਲ ਸਮਝ ਲੈਣੀ ਚਾਹੀਦੀ ਹੈ ਅਸੀਂ ਪ੍ਰਮਾਤਮਾ ਨੂੰ ਨਹੀਂ ਜਿੱਤ ਸਕਦੇ। ਜੇ ਅਸੀਂ ਢੀਠਪੁਣਾ ਕਰਾਂਗੇ ਵੀ ਤਾਂ ਕਿੰਨਾ ਕੁ ਚਿਰ ਕਰਾਂਗੇ ਆਖਰ ਜਿੰਨੀ ਕੁ ਸਾਨੂੰ ਉਸ ਨੇ ਉਮਰ ਦਿੱਤੀ ਹੈ ਉਸ ਵਿਚ ਹੀ ਕਰਾਂਗੇ। ਜੇ ਹਾਰ ਕੇ ਡਿੱਗਣਾ ਹੀ ਹੈ ਤਾਂ ਪਹਿਲਾਂ ਹੀ ਕਿਉਂ ਨਾ ਡਿੱਗ ਪਈਏ।

ਇਹ ਢੀਠਤਾ ਮੁਕਦੀ ਹੈ ਪਰ ਤਾਂ ਮੁਕਦੀ ਹੈ ਦ੍ਰਿੜ੍ਹਤਾ ਨਾਲ ਜਿਹੜੇ ਪ੍ਰਮਾਤਮਾ ਦੇ ਚਾਕਰ ਬਣੇ ਹਨ। ਜਦੋਂ ਉਨ੍ਹਾਂ ਦੇ ਚਰਨਾਂ ਦੀ ਖਾਕ ਬਣ ਜਾਈਏ ਫਿਰ ਇਹ ਢੀਠਤਾ ਮੁਕ ਜਾਂਦੀ ਹੈ। ਫਿਰ ਬੰਦਾ ਗੁਰੂ ਦਾ ਬਚਨ ਸੁਣਦਾ ਹੈ, ਮੰਨਦਾ ਹੈ, ਕਮਾਉਂਦਾ ਹੈ, ਸਾਧਨਾ ਇਹੀ ਹੈ।

**ਨਾਨਕ ਬਗੋਯਦ ਜਨ ਤੁਰਾ ਤੇਰੇ ਚਾਕਰਾਂ ਪਾਖ਼ਾਕ ॥**

ਜਦੋਂ ਅਕਾਲ ਪੁਰਖ ਦੀ ਮਿਹਰ ਹੁੰਦੀ ਹੈ ਤਾਂ ਫਿਰ ਜਿਨ੍ਹਾਂ ਰਾਹਾਂ ਵਿਚੋਂ ਮਨ ਵਿਕਾਰਾਂ ਲਈ ਦੌੜਦਾ ਹੈ, ਸਤਿਗੁਰੂ ਉਹ ਸਾਰੇ ਹੀ ਦਰਵਾਜ਼ੇ ਬੰਦ ਕਰ ਦਿੰਦਾ ਹੈ ਅਤੇ ਸਤਿਗੁਰੂ ਰਾਹ ਰੋਕ ਕੇ ਇੰਜ ਖੜ੍ਹੇ ਹੋ ਜਾਂਦੇ ਹਨ ਜਿਵੇਂ ਕਿ ਭਾਈ ਜੋਗਾ ਸਿੰਘ ਦੇ ਅੱਗੇ ਦਸਮੇਸ਼ ਪਿਤਾ ਖੜ੍ਹੇ ਹੋ ਗਏ ਸਨ।

**ਬੰਧੁ ਪਾਇਆ ਮੇਰੈ ਸਤਿਗੁਰ ਪੂਰੇ ਹੋਈ ਸਰਬ ਕਲਿਆਣ ॥**

**(ਸੋਰਠਿ ਮ : ੫, ਪੰਨਾ ੬੧੯)**

ਇਸ ਬਖ਼ਸ਼ਸ਼ ਵਾਸਤੇ ਜ਼ਰੂਰੀ ਹੈ ਕਿ ਬਹੀਐ ਪੜਿਆ ਪਾਸਿ।

# ਬੇਨਤੀ

ਲੁਬਾਣਾ ਭਾਈਚਾਰੇ ਦੀਆਂ ਅਜੀਮ ਸਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ-ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। 'ਲੁਬਾਣਾ ਸੇਵਕ' ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਊਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ 'ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।

**ਸੰਪਾਦਕ ਸੁਰਿੰਦਰ ਸਿੰਘ ਰੂਬੀ,**

**M.: 98141-28181**

**Email: ruby.surinder57@gmail.com,**

# ਗੁਰੂ ਨਾਨਕ ਦੇਵ ਜੀ ਦਾ ਅੰਤਰਮਤ ਸੰਬਾਦ

ਮੀਆਂ ਮਿਠਾ ਇੱਕ ਪ੍ਰਸਿੱਧ ਸੂਫੀ ਮੁਸਲਮਾਨ ਫਕੀਰ ਸੀ। ਉਸ ਨੂੰ ਲੋਕ ਕਰਮਾਤੀ ਵੀ ਮੰਨਦੇ ਸਨ। ਉਸਦੇ ਨੇੜੇ ਦੇ ਵਸਨੀਕ ਲੋਕ ਮੀਆਂ ਮਿਠਾ ਤੋਂ ਬੜਾ ਭੈ ਖਾਂਦੇ ਸਨ। ਕਈ ਹਿੰਦੂ ਨੌਜਵਾਨਾਂ ਨੇ ਮੀਆਂ ਮਿਠੇ ਦੇ ਅਸਰ ਹੇਠ ਆ ਕੇ ਆਪਣਾ ਧਰਮ ਛੱਡ ਕੇ ਇਸਲਾਮ ਧਰਮ ਕਬੂਲ ਕਰ ਲਿਆ ਸੀ। ਉਹ ਦਿਲ ਦਾ ਬਹੁਤ ਖੁਸ਼ਕ ਤੇ ਸੱਖਣਾ ਸੀ। ਮੀਆਂ ਮਿਠਾ ਪਿਆਰ ਅਤੇ ਇਨਸਾਨੀ ਹਮਦਰਦੀ ਤੋਂ ਖਾਲੀ ਸੀ। ਵਿਦਵਾਨਾਂ ਦਾ ਮੰਨਣਾ ਹੈ ਕਿ ਮਿਠਣਕੋਟ ਰਹਿਣ ਕਰਕੇ ਉਸਦਾ ਨਾਮ ਮੀਆਂ ਮਿਠਾ ਪਿਆ। ਭਾਈ ਕਾਹਨ ਸਿੰਘ ਦਾ ਵੀ ਇਹੋ ਮੰਨਣਾ ਹੈ ਕਿ ਮਿਠਣਕੋਟ (ਡੇਰਾ ਗਾਜ਼ੀ ਖਾਂ ਦੇ ਇਲਾਕੇ ਦਾ) ਵਸਨੀਕ ਹੋਣ ਕਾਰਨ ਉਸ ਨੂੰ ਮੀਆਂ ਮਿਠਾ ਆਖਿਆ ਜਾਦਾਂ ਸੀ। ਪਰ ਉਸਦਾ ਅਸਲੀ ਨਾਮ ਸਾਖੀਆਂ ਵਿੱਚ ਕਿਤੇ ਵੀ ਦੇਖਣ ਨੂੰ ਨਹੀਂ ਮਿਲਦਾ। ਮੀਆਂ ਸ਼ਬਦ ਇਸਲਾਮੀ ਧਰਮ ਵਿੱਚ ਇੱਕ ਆਦਰਸੂਚਕ ਸ਼ਬਦ ਮੰਨਿਆ ਜਾਂਦਾ ਹੈ। ਮੀਆਂ ਮਿਠਾ ਦੀ ਗੋਸਟ ਨਾਲ ਸੰਬੰਧਿਤ ਸਾਨੂੰ ਬਹੁਤ ਸਾਰੀ ਸਮੱਗਰੀ ਪ੍ਰਾਪਤ ਮਿਲਦੀ ਹੈ। ਬਹੁਤ ਸਾਰੇ ਵਿਦਵਾਨਾਂ ਨੇ ਆਪਣੀਆਂ ਰਚਨਾਵਾਂ ਵਿੱਚ ਮੀਆਂ ਮਿਠੇ ਦੀ ਗੁਰੂ ਨਾਨਕ ਸਾਹਿਬ ਨਾਲ ਵਾਰਤਾਲਾਪ ਦਾ ਜ਼ਿਕਰ ਕੀਤਾ ਹੈ। ਜਿਨ੍ਹਾਂ ਵਿੱਚ ਪਿਆਰ ਸਿੰਘ (ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ), ਭਾਈ ਵੀਰ ਸਿੰਘ (ਸ੍ਰੀ ਗੁਰੂ ਨਾਨਕ ਚਮਤਕਾਰ), ਸੇਵਾ ਸਿੰਘ ਸੇਵਕ (ਪ੍ਰਾਚੀਨ ਜਨਮਸਾਖੀ), ਕਿਰਪਾਲ ਸਿੰਘ (ਜਨਮ ਸਾਖੀ ਪਰੰਪਰਾ), ਕਰਤਾਰ ਸਿੰਘ (ਜੀਵਨ ਕਥਾ ਸ੍ਰੀ ਗੁਰੂ ਨਾਨਕ ਦੇਵ ਜੀ), ਭਾਈ ਵੀਰ ਸਿੰਘ (ਪੁਰਾਤਨ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ), ਆਦਿ ਹਨ। ਪਿਆਰ ਸਿੰਘ ਦੀ ਰਚਨਾ ''ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ'' ਵਿੱਚ ਗੁਰੂ ਨਾਨਕ ਸਾਹਿਬ ਦੀ ਗੋਸਟ ਅਬਦੁਲ ਰਹਮਾਨ ਨਾਲ ਮੰਨੀ ਗਈ ਹੈ। ਕਰਤਾਰ ਸਿੰਘ ਆਪਣੀ ਰਚਨਾ 'ਜੀਵਨ ਕਥਾ ਗੁਰੂ ਨਾਨਕ ਦੇਵ ਜੀ' ਵਿੱਚ ਲਿਖਦਾ ਹੈ ਕਿ ਅਬਦੁਲ ਰਹਿਮਾਨ, ਮੀਆਂ ਮਿਠੇ ਦਾ ਮੁਰਸ਼ਿਦ ਸੀ। ਪਰ ਕਈ ਥਾਵਾਂ ਤੇ ਇਸ ਤਰ੍ਹਾਂ ਮੰਨਿਆ ਗਿਆ ਹੈ ਕਿ ਮੀਆਂ ਮਿਠਾ, ਅਬਦੁਲ ਰਹਮਾਨ ਦਾ ਮੁਰਸ਼ਿਦ ਸੀ। ਮੀਆਂ ਮਿਠੇ ਦੀ ਜੋ ਵਾਰਤਾਲਾਪ ਗੁਰੂ ਨਾਨਕ ਸਾਹਿਬ ਨਾਲ ਹੋਈ, ਉਸਦਾ ਜ਼ਿਕਰ ਨਿਮਨ ਲਿਖਤ ਹੈ।

ਅਸਿਸਟੈਂਟ
ਪ੍ਰੋ: ਜਸਵਿੰਦਰ ਸਿੰਘ,
ਸ੍ਰੀ ਗੁਰੂ ਅੰਗਦ ਦੇਵ ਇੰਸਟੀਚਿਊਟ
ਆਫ ਰਿਲੀਜੀਅਸ ਸਟੱਡੀਜ਼,
ਨਿਸ਼ਾਨ-ਏ-ਸਿੱਖੀ, ਖਡੂਰ ਸਾਹਿਬ।
ਮੋਬਾ. 7508786676



ਮੀਆਂ ਮਿਠੇ ਦੇ ਚੇਲਿਆਂ ਨੂੰ ਜਦੋਂ ਪਤਾ ਲੱਗਾ ਕਿ ਇਸ ਨਗਰ ਵਿੱਚ ਇੱਕ ਸੂਫੀ ਫਕੀਰ ਆਇਆ ਹੈ। ਜਿਸਦਾ ਨਾਮ ਬਾਬਾ ਨਾਨਕ ਹੈ ਤਾਂ ਮੀਆਂ ਮਿਠੇ ਦੇ ਸਾਰੇ ਚੇਲੇ ਬਾਬਾ ਜੀ ਦੀ ਕਥਾ ਸੁਣਨ ਜਾਇਆ ਕਰਦੇ ਸਨ। ਜਦੋਂ ਇਸ ਗੱਲ ਦਾ ਮੀਆਂ ਮਿਠੇ ਨੂੰ ਪਤਾ ਲੱਗਾ ਕਿ ਮੇਰੇ ਚੇਲੇ ਉਸ ਫਕੀਰ ਕੋਲ ਜਾਂਦੇ ਹਨ ਤਾਂ ਮੀਆਂ ਮਿਠਾ ਗੁੱਸੇ ਵਿੱਚ ਬੋਲਿਆ ਕਿ ''ਨਾਨਕ ਬੇਸ਼ੱਕ ਚੰਗਾ ਫਕੀਰ ਹੈ ਪਰ ਜਦ ਸਾਨੂੰ ਮਿਲੇਗਾ, ਅਸੀ ਇਸ ਤਰ੍ਹਾਂ ਨਚੋੜ ਲਵਾਂਗੇ ਜੀਕੁਰ ਨਿਬੋਂ ਵਿੱਚੋਂ ਰਸ ਨਿਚੋੜੀਦਾ ਹੈ, ਇਉਂ ਉਤਾਰ ਲਵਾਂਗੇ ਜੀਕੁਰ ਦੁੱਧ ਤੋਂ ਮਿਲਾਈ ਉਤਾਰੀ ਦੀ ਹੈ। ਹੌਲੀ-ਹੌਲੀ ਬਹੁਤ ਸਾਰੇ ਹਿੰਦੂ ਤੇ ਮੁਸਲਮਾਨ ਗੁਰੂ ਨਾਨਕ ਦੇਵ ਜੀ ਦੇ ਸ਼ਰਧਾਲੂ ਬਣ ਗਏ। ਮੀਆਂ ਮਿਠੇ ਨੂੰ ਸਭ ਤੋਂ ਵੱਡੀ ਸੱਟ ਉਸ ਸਮੇਂ ਲੱਗੀ। ਜਦੋਂ ਅਬਦੁਲ ਰਹਿਮਾਨ ਗੁਰੂ ਜੀ ਦਾ ਸ਼ਰਦਾਲੂ ਬਣ ਗਿਆ। ਫਿਰ ਅਬਦੁਲ ਰਹਮਾਨ ਨੇ ਮੀਆਂ ਮਿਠੇ ਨੂੰ ਸਲਾਹ ਦਿੱਤੀ ਕਿ ਉਹ ਇੱਕ ਵਾਰ ਬਾਬਾ ਜੀ ਦੇ ਦਰਸ਼ਨ ਜਰੂਰ ਕਰ ਲੈਣ। ਮੀਆਂ ਮਿਠੇ ਨੇ ਆਪਣੇ ਮੁਰਸ਼ਿਦ ਦੀ ਗੱਲ ਮੰਨ ਕੇ ਗੁਰੂ ਜੀ ਦੇ ਦਰਸ਼ਨ ਕਰਨ ਲਈ ਤਿਆਰ ਹੋ ਗਿਆ। ਜਦੋਂ ਮੀਆਂ ਮਿਠਾ ਗੁਰੂ ਜੀ ਦੇ ਦਰਸ਼ਨ ਕਰਨ ਲਈ ਗਿਆ ਤਾਂ ਗੁਰੂ ਨਾਨਕ ਦੇਵ ਜੀ ਦੇ ਚਿਹਰੇ ਦੇ ਜਲਾਲ ਨੇ ਮੀਆਂ ਮਿਠੇ ਦੇ ਦਿਲ ਤੇ ਗਹਿਰਾ ਪ੍ਰਭਾਵ ਪਾਇਆ ਤੇ ਉਹ ਚੁਪ ਕੀਤਾ, ਗੁਰੂ ਜੀ ਪਾਸ ਬੈਠ ਗਿਆ। ਫਿਰ ਮੀਆਂ ਮਿਠਾ ਬੋਲਿਆ:-

**ਅਵਲ ਨਾਉ ਖੁਦਾਇ ਕਾ ਦੂਜਾ ਨਬੀ ਰਸੂਲ।।**
**ਨਾਨਕ ਕਲਮਾ ਜੇ ਪੜਹਿ ਤਾਂ ਦਰਗਹ ਪਵਹਿ ਕਬੂਲ।।**
**ਫਿਰ ਗੁਰੂ ਜੀ ਨੇ ਉਤਰ ਦਿੱਤਾ।।**
**ਅਵਲਿ ਨਾਉ ਖਦਾਇ ਕਾ ਦਰ ਦਰਵਾਨ ਰਸੂਲੁ।।**
**ਸੇਖਾ ਨੀਅਤਿ ਰਾਸਿ ਕਰਿ ਤਾਂ ਦਰਗਹਿ ਪਵਹਿ ਕਬੂਲ।।**

ਮੀਆਂ ਮਿਠਾ ਬੋਲਿਆ, ਜਿਵੇਂ ਤੇਲ ਤੋਂ ਬਿਨਾਂ ਦੀਵਾ ਰੌਸ਼ਨ ਨਹੀਂ ਹੁੰਦਾ, ਇਸ ਤਰਾਂ ਰਸੂਲ ਪੈਗੰਬਰ ਤੋਂ ਬਿਨਾਂ ਨਜ਼ਾਤ ਨਹੀਂ ਮਿਲਦੀ ਤੇ ਅੱਲਾਹ ਨਾਲ ਵਸਲ (ਮਿਲਾਪ) ਨਹੀਂ ਹੁੰਦਾ। ਇਸਦੇ ਉਤਰ ਵਿੱਚ ਗੁਰੂ ਨਾਨਕ ਸਹਿਬ ਨੇ ਸ਼ਬਦ ਉਚਾਰਿਆ।

**ਇਹੁ ਤੇਲੁ ਦੀਵਾ ਇਉ ਜਲੈ।।**
**ਕਰਿ ਚਾਨਣੁ ਸਾਹਿਬ ਤਉ ਮਿਲੈ।।ਰਹਾਉ।।**
**ਇਤ ਤਨਿ ਲਾਗੈ ਬਾਣੀਆ।।**
**ਸੁਖ ਹੋਵੈ ਸੇਵ ਕਮਾਣੀਆ।।**
**ਸਭ ਦੁਨੀਆ ਆਵਣ ਜਾਣੀਆ।।**
**ਵਿਚਿ ਦੁਨੀਆ ਸੇਵ ਕਮਾਈਐ।।**
**ਤਾ ਦਰਗਾਹ ਬੇਸਣੁ ਪਾਈਐ।।**
**ਕਹੁ ਨਾਨਕ ਬਾਹ ਲਡਾਈਐ।।**

ਮੀਆਂ ਮਿਠੇ ਪੁਛਿਆ ਉਹ ਕਵਨ ਕੁਰਾਨ ਹੈ, ਜਿਤ ਪੜ੍ਹੇ ਕਬੂਲ ਹੋਵੇ? ਉਹ ਕਿਹੜੀ ਦਰਵੇਸੀ ਹੈ, ਜਿਸ ਨਾਲ ਅੱਲਾਹ ਨਾਲ ਵਸਲ (ਮਿਲਾਪ) ਹੁੰਦਾ ਹੈ? ਉਹ ਕਿਹੜਾ ਰੋਜਾ ਤੇ ਕਿਹੜੀ ਨਿਵਾਜ ਹੈ? ਜਿਸ ਨਾਲ ਮਨ, ਉਸ ਅੱਲਾਹ ਦੀ ਯਾਦ ਵਿੱਚ ਟਿਕਦਾ ਹੈ। ਗੁਰੂ ਨਾਨਕ ਨੇ ਮਰਦਾਨੇ ਨੂੰ ਕਿਹਾ ਕਿ ਰਬਾਬ ਵਜਾਏ ਤਾਂ ਆਪ ਨੇ ਇਹ ਸ਼ਬਦ ਉਚਾਰਨ ਕੀਤਾ:-

**ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ।।**
**ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ।।**
**ਕਰਣੀ ਕਾਬਾ ਸਚੁ ਪੀਰੁ ਕਲਮਾ ਕਰਮ ਨਿਵਾਜ।।**
**ਤਸਬੀ ਸਾ ਤਿਸੁ ਭਾਵਸੀ ਨਾਨਕ ਰਖੈ ਲਾਜ।।**

ਮੀਆਂ ਮਿਠੇ ਨੇ, ਇਸ ਪਾਸੇ ਹਾਰ ਹੁੰਦੀ ਵੇਖੀ, ਤਾਂ ਗੱਲਬਾਤ ਦਾ ਰੁੱਖ

ਬਦਲਾਉਣ ਲਈ ਉਹ ਕਹਿਣ ਲੱਗਾ, "ਕੀ ਤੁਸੀ ਕਿਆਮਤ ਨੂੰ ਮੰਨਦੇ ਹੋ। ਜਿਸ ਦਿਨ ਅੱਲਾ ਨੇ ਫੈਸਲਾ ਲੈਣਾ ਹੈ।

ਗੁਰੂ ਜੀ ਹਾਂ ਹਰ ਕਿਸੇ ਨੂੰ ਆਪਣਾ ਬੀਜਿਆ ਵੱਢਣਾ ਪੈਣਾ ਹੈ। ਆਪਣੇ ਕੀਤੇ ਕਰਮਾਂ ਦਾ ਫਲ ਭੁਗਤਣਾ ਪੈਣਾ ਹੈ, ਅੱਗੇ ਗਿਆ ਦਾ ਰੱਬ ਨੇ ਲੇਖਾ ਮੰਗਣਾ ਹੈ। ਮੀਆਂ ਮਿੱਠਾ– ਇਹ ਤਾਂ ਬੜੀ ਚੰਗੀ ਗੱਲ ਹੈ। ਪਰ ਕੀ ਤੁਸੀ ਕਦੇ ਇਹ ਵੀ ਖਿਆਲ ਕੀਤਾ ਹੈ ਕਿ ਉਸ ਕਿਆਮਤ ਵਾਲੇ ਦਿਨ ਹਿੰਦੂਆਂ ਵਿਚਾਰਿਆਂ ਨਾਲ ਕਿਵੇਂ ਗੁਜਰੇਗੀ? ਮੁਸਲਮਾਨਾ ਨੂੰ ਤਾਂ ਮਰਨ ਪਿਛੋਂ ਦਫਨਾਇਆ ਜਾਂਦਾ ਹੈ। ਉਨ੍ਹਾਂ ਦੇ ਸਰੀਰਾ ਨੂੰ ਜਮੀਨ ਦੇ ਸਪੁਰਦ ਕੀਤਾ ਜਾਂਦਾ ਹੈ। ਮੁਸਲਮਾਨਾਂ ਦੀਆਂ ਰੂਹਾਂ ਕਬਰਾਂ ਨੂੰ ਮੱਲ ਕੇ ਬਹਿ ਰਹਿੰਦੀਆਂ ਹਨ। ਕਿਆਮਤ ਵਾਲੇ ਦਿਨ ਜਦ ਅੱਲਾਹ ਦਾ ਫਰਿਸਤਾ ਤੁਰੀ ਵਜਾਵੇਗਾ, ਤਦ ਜਿੰਨ੍ਹਾਂ ਸਰੀਰਾਂ ਨੂੰ ਧਰਤੀ ਤੇ ਸੁਪਰਦ ਕੀਤਾ ਗਿਆ ਹੋਵੇਗਾ, ਧਰਤੀ ਉਨ੍ਹਾਂ ਨੂੰ ਲਿਆ ਹਾਜ਼ਰ ਕਰੇਗੀ।

ਗੁਰੂ ਜੀ-ਪਰ ਮੁਸਲਮਾਨਾਂ ਦੇ ਸਰੀਰ ਵੀ ਸਮਾਂ ਪਾ ਕੇ ਮਿੱਟੀ ਹੋ ਜਾਂਦੇ ਹਨ, ਜਿਵੇਂ ਹਿੰਦੂਆ ਦੇ ਅੱਗ ਨਾਲ ਸੜ ਕੇ ਮਿੱਟੀ ਸਵਾਹ ਹੋ ਜਾਂਦੇ ਹਨ। ਤੁਹਾਡੇ ਕਿਆਮਤ ਦੇ ਦਿਨ ਤੀਕ ਇਨ੍ਹਾਂ ਦਾ ਰਤੀ ਭਰ ਨਿਸ਼ਾਨ ਵੀ ਬਾਕੀ ਨਹੀਂ ਰਹਿਣਾ। ਜੇ ਫੇਰ ਤੁਹਾਡੇ ਸਰੀਰ ਉਸ ਦਿਨ ਉਠ ਬਹਿਣਗੇ ਤਾਂ ਕੋਈ ਦਲੀਲ ਨਹੀਂ ਕਿ ਹਿੰਦੂਆਂ ਦੇ ਇਉਂ ਨਾ ਉਠ ਸਕਣਗੇ। ਦੂਜੀ ਗੱਲ ਇਹ ਹੈ ਕਿ ਜੇ ਤੁਸੀਂ ਇਹ ਮੰਨਦੇ ਹੋ ਕਿ ਹਿੰਦੂਆ ਦੇ ਸਰੀਰ ਸੜ ਜਾਂਦੇ ਹਨ, ਇਸ ਕਰਕੇ ਰੱਬ ਦਾ ਕਹਿਰ ਉਨ੍ਹਾਂ ਉਪਰ ਟੁੱਟਗੇ, ਤਾਂ ਸ਼ੇਖ ਜੀ, ਮੁਸਲਮਾਨ ਵੀ ਇਸ ਕਹਿਰ ਤੋਂ ਬਚ ਨਹੀ ਸਕਦੇ, ਕਿਉਂਕਿ ਉਨ੍ਹਾਂ ਦੇ ਸਰੀਰ ਵੀ ਆਮ ਕਰ ਕੇ ਅੰਤ ਨੂੰ ਸੜ ਹੀ ਜਾਂਦੇ ਹਨ। ਮੀਆਂ ਮਿੱਠਾ – ਉਹ ਕਿਵੇਂ? ਉਹ ਤਾਂ ਦੱਬੇ ਜਾਂਦੇ ਹਨ।

ਇਸ ਪ੍ਰਸ਼ਨ ਦਾ ਉਤਰ ਦਿੰਦੇ ਹੋਏ ਗੁਰੂ ਜੀ ਆਖਦੇ ਹਨ ਕਿ ਸ਼ੇਖ ਜੀ ਤੁਹਾਨੂੰ ਪਤਾ ਹੀ ਹੈ ਕਿ ਪੁਰਾਣੀਆਂ ਕਬਰਾਂ ਦੀ ਮਿੱਟੀ ਬੜੀ ਚੀਕਣੀ ਹੁੰਦੀ ਹੈ। ਘੁਮਿਆਰ ਲੋਕ ਚੀਕਣੀ ਮਿੱਟੀ ਲੱਭ ਕੇ ਲਿਆਉਂਦੇ ਹਨ, ਤਾਂ ਜੁ ਇੱਟਾਂ ਭਾਂਡੇ ਚੰਗੇ ਪੱਕੇ ਬਣਨ। ਇਸ ਲਈ ਉਹ ਲੋਕ, ਪੁਰਾਣੇ ਕਬਿਰਸਤਾਨਾਂ ਦੀ ਮਿੱਟੀ ਪੁੱਟਕੇ ਲਿਆਂਉਦੇ ਤੇ ਗੁੰਨਦੇ ਹਨ, ਅਤੇ ਚੱਕ ਉਪਰ ਧਰ ਕੇ ਭਾਂਡੇ ਘੜਦੇ ਹਨ। ਕਈ ਉਸ ਨੂੰ ਸੰਚਿਆਂ ਵਿੱਚ ਪਾ ਕੇ ਇੱਟਾਂ ਪੱਥਦੇ ਹਨ। ਫੇਰ ਇਨ੍ਹਾਂ ਨੂੰ ਧੁੱਪੇ ਸੁਕਾ ਕੇ, ਆਵਿਆਂ ਵਿੱਚ ਬੀੜ ਕੇ ਅੱਗ ਦਿੰਦੇ ਹਨ। ਮੁਸਲਮਾਨਾਂ ਦੇ ਸਰੀਰ ਤੋਂ ਬਣੀ ਹੋਈ ਮਿੱਟੀ ਇਸ ਤਰ੍ਹਾਂ ਕਰੜੀ ਅੱਗ ਵਿੱਚ ਸੜਦੀ ਹੈ। ਜੇ ਦੇਹ ਦੀ ਮਿੱਟੀ ਦਾ ਸੜਨਾ ਪਾਪ ਹੈ ਤਾਂ ਮੁਸਲਮਾਨਾਂ ਦੀ ਮਿੱਟੀ ਵੀ ਸੜਦੀ ਹੈ। ਗੁਰੂ ਜੀ ਨੇ ਆਪਣੇ ਇਹ ਖਿਆਲ "ਆਸਾ ਦੀ ਵਾਰ" ਵਿੱਚ ਇਉਂ ਉਚਾਰੇ ਹਨ।

**ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮਿਆਰ। ।**
**ਘੜਿ ਭਾਂਡੇ ਇਟਾ ਕੀਆ ਜਲਦੀ ਕਰੇ ਪੁਕਾਰ। ।**
**ਜਲਿ ਜਲਿ ਰੋਵੈ ਬਪੁੜੀ ਝੜਿ ਝੜਿ ਪਵਹਿ ਅੰਗਿਆਰ। ।**
**ਨਾਨਕ ਜਿਨਿ ਕਰਤੈ ਕਾਰਣੁ ਕੀਅ ਸੋ ਜਾਣੈ ਕਰਤਾਰੁ। ।**

ਸ਼ੇਖ ਨੂੰ ਸਾਰੀ ਗੱਲ ਸਮਝ ਆ ਗਈ। ਉਹ ਗੁਰੂ ਜੀ ਦੀ ਚਰਨੀ ਢਹਿ ਪਿਆ। ਗੁਰੂ ਜੀ ਨੇ ਸ਼ੇਖ ਨੂੰ ਨਾਮ-ਦਾਨ ਦੀ ਅਮੋਲ ਦਾਤ ਬਖਸ਼ੀ।

ਉਪਰੋਕਤ ਗੋਸਟ ਤੋਂ ਬਾਅਦ ਅਸੀਂ ਇਹ ਆਖ ਸਕਦੇ ਹਾਂ ਅੱਗੇ ਜਾ ਕੇ ਦੁਨੀਆਂ ਵਿੱਚ ਕੀਤੇ ਅਮਲਾਂ, ਅਨੁਸਾਰ ਹੀ ਨਿਬੇੜੇ ਹੋਣੇ ਹਨ। ਉਥੇ ਜਾਤ ਮਜ਼ਬ ਦੀ ਕਿਸੇ ਪੁੱਛ ਨਹੀਂ ਕਰਨੀ। ਇਸ ਭੁਲੇਖੇ ਵਿੱਚ ਨਾ ਰਹੋ ਕਿ ਸਾਡਾ ਦੀਨ ਰਾਜ-ਧਰਮ ਹੈ, ਅਸੀਂ ਹੋਰਨਾਂ ਨੂੰ ਹਿੱਕ ਦੇ ਧੱਕੇ ਤੇ ਤਲਵਾਰ ਦੇ ਜ਼ੋਰ ਨਾਲ ਇਹ ਦੀਨ ਮੰਨਵਾ ਸਕਦੇ ਹਾਂ, ਇਸ ਲਈ ਅੱਲਾਹ ਦੀ ਦਰਗਾਹੇ ਵੀ ਸਾਨੂੰ ਖਾਸ ਰਿਆਇਤਾ ਤੇ ਸਹੂਲਤਾਂ ਮਿਲਣਗੀਆਂ, ਅਤੇ ਅੱਲਾਹ ਦੀਆਂ ਨਜ਼ਰਾਂ ਵਿੱਚ ਅਸੀਂ ਹੋਰਨਾਂ ਨਾਲ ਚੰਗੇਰੇ ਤੇ ਉਚੇਰੇ ਸਮਝੇ ਜਾਵਾਂਗੇ, ਅਜਿਹੇ ਸੌੜੇ ਖਿਆਲ, ਈਰਖਾ ਭਰੇ ਵਿਚਾਰ ਇਨਸਾਨ ਦੀਆਂ ਕਾਇਮ ਕੀਤੀਆਂ ਹੋਈਆਂ ਹੱਦਾਂ, ਸਭ ਤਿਆਗ ਦੇਣੀਆ ਚਾਹੀਦੀਆਂ ਹਨ। ਸਾਨੂੰ ਉਸ ਪ੍ਰਮਾਤਮਾ ਦੇ ਸਿਰਜੇ ਹੋਏ ਜੀਵਾਂ ਨਾਲ ਪਿਆਰ ਕਰਨਾ ਚਾਹੀਦਾ ਹੈ, ਤਾਂ ਹੀ ਅਸੀਂ ਉਸ ਪ੍ਰਮਾਤਮਾ ਦੇ ਦਰ ਤੇ ਕਬੂਲ ਹੋ ਸਕਾਂਗੇ।

## ਹਵਾਲੇ ਅਤੇ ਟਿੱਪਣੀਆਂ


1) ਕਰਤਾਰ ਸਿੰਘ, ਜੀਵਨ ਕਥਾ ਸ੍ਰੀ ਗੁਰੂ ਨਾਨਕ ਦੇਵ ਜੀ, ਲਾਹੌਰ ਬੁਕ ਸ਼ਾਪ, ਲੁਧਿਆਣਾ, 1977, ਪੰਨਾ 258.
2) ਭਾਈ ਕਾਹਨ ਸਿੰਘ ਨਾਭਾ, ਮਹਾਨ ਕੋਸ਼, ਭਾਸ਼ਾ ਵਿਭਾਗ ਪੰਜਾਬ, 1990, ਪੰਨਾ 473.
3) ਡਾ. ਬਲਦੇਵ ਸਿੰਘ ਬੱਦਨ (ਸੰਪਾ.), ਨੈਸ਼ਨਲ ਪੰਜਾਬੀ ਕੋਸ਼, ਨੈਸ਼ਨਲ ਬੁਕ ਸ਼ਾਪ, ਦਿੱਲੀ, 2000, ਪੰਨਾ-1461.
4) ਪਿਆਰ ਸਿੰਘ, ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਪੰਜਾਬੀ ਭਾਸ਼ਾ ਸਾਹਿਤ ਤੇ ਸੱਭਿਆਚਾਰ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1974, ਪੰਨਾ 5.
5) ਕਰਤਾਰ ਸਿੰਘ, ਉਪਰੋਕਤ, ਪੰਨਾ 258.
ਸੇਵਾ ਸਿੰਘ ਸੇਵਕ (ਸੰਪਾ.), ਪ੍ਰਾਚੀਨ ਜਨਮਸਾਖੀ (ਸ੍ਰੀ ਗੁਰੂ ਨਾਨਕ ਦੇਵ ਜੀ), ਨਿਊ ਬੁੱਕ ਕੰਪਨੀ, ਜਲੰਧਰ, 1969, ਪੰਨਾ-119
6) ਉਹੀ, ਪੰਨਾ 258. 7) ਉਹੀ, ਪੰਨਾ 259.
8) ਕਰਤਾਰ ਸਿੰਘ, ਉਪਰੋਕਤ, ਪੰਨਾ 259.
9) ਭਾਈ ਵੀਰ ਸਿੰਘ, ਪੁਰਾਤਨ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਖਾਲਸਾ ਸਮਾਚਾਰ, ਅੰਮ੍ਰਿਤਸਰ, 1971, ਪੰਨਾ 130-131.
10) ਕਿਰਪਾਲ ਸਿੰਘ, ਜਨਮਸਾਖੀ ਪਰੰਪਰਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 114.
11) ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-25
12) ਕਿਰਪਾਲ ਸਿੰਘ, ਜਨਮਸਾਖੀ ਪਰੰਪਰਾ, ਪੰਨਾ 115.
13) ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-140
14) ਕਰਤਾਰ ਸਿੰਘ, ਉਪਰੋਕਤ, ਪੰਨਾ 262.
15) ਉਹੀ, ਪੰਨਾ 262.
16) ਕਰਤਾਰ ਸਿੰਘ, ਉਪਰੋਕਤ, ਪੰਨਾ 263.
17) ਭਾਈ ਵੀਰ ਸਿੰਘ, ਸ੍ਰੀ ਗੁਰੂ ਨਾਨਕ ਚਮਤਕਾਰ, ਪੰਨਾ 455
18) ਉਹੀ, ਪੰਨਾ 455.
19) ਕਰਤਾਰ ਸਿੰਘ, ਉਪਰੋਕਤ, ਪੰਨਾ 264.
20) ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 466
21) ਕਰਤਾਰ ਸਿੰਘ, ਉਪਰੋਕਤ, ਪੰਨਾ 265

# ਸਰੀਰ ਲਈ ਘਾਤਕ ਖਾਣ ਵਾਲੇ ਪਦਾਰਥਾਂ ਵਿਚ ਮਿਲਾਵਟ




ਸਿਹਤ ਦਾ ਸਿੱਧਾ ਸਬੰਧ ਭੋਜਨ ਪਦਾਰਥਾਂ ਨਾਲ ਹੈ ਅਤੇ ਜਿਹੜੇ ਲੋਕ ਸਹੀ ਅਤੇ ਸੰਤੁਲਿਤ ਭੋਜਨ ਖਾਂਦੇ ਹਨ ਉਹ ਸਿਹਤ ਪੱਖੋਂ ਵਧੀਆ ਨਜ਼ਰ ਆਉਂਦੇ ਹਨ ਅਤੇ ਲੰਬੀ ਉਮਰ ਭੋਗਦੇ ਹਨ। ਪੁਰਾਣੇ ਸਮਿਆਂ ਵਿਚ ਲੋਕ ਦੇਸੀ ਖੁਰਾਕਾਂ ਖਾ ਕੇ ਆਪਣੇ ਸਰੀਰ ਨੂੰ ਸਡੋਲ ਅਤੇ ਤੰਦਰੁਸਤ ਬਣਾ ਕੇ ਰੱਖਦੇ ਸਨ ਅਤੇ ਰੱਜ ਕੇ ਕਸਰਤ ਕਰਦੇ ਸਨ। ਪੁਰਾਣੇ ਬਜ਼ੁਰਗ 100-125 ਸਾਲ ਦੀ ਉਮਰ ਤੱਕ ਸਿਹਤਮੰਦ ਰਹਿ ਕੇ ਆਪਣੀ ਉਮਰ ਭੋਗਦੇ ਸਨ ਅਤੇ ਇਹ ਗੱਲ ਕਿਸੇ ਤੋਂ ਲੁਕੀ ਛਿਪੀ ਨਹੀਂ। ਪਰ ਅੱਜ ਦੇ ਹਾਲਾਤ ਹੋਰ ਹਨ ਅਤੇ ਮੌਜੂਦਾ ਸਮੇਂ ਦੇ ਵਿਚ ਜੀਵਨ ਦੀ ਔਸਤ ਉਮਰ ਪਹਿਲਾਂ ਦੇ ਮੁਕਾਬਲੇ ਘਟ ਗਈ ਹੈ ਅਤੇ ਕਈ ਵਿਅਕਤੀ 60 ਸਾਲ ਦੀ ਉਮਰ ਹੀ ਮਸਾਂ ਪੂਰੀ ਕਰਦੇ ਹਨ ਅਤੇ ਸਰੀਰ ਤਿਆਗ ਦਿੰਦੇ ਹਨ। ਵਾਕਿਆ ਇਹ ਸਭ ਕੁੱਝ ਠੀਕ ਹੈ। ਅੱਜ ਦੇ ਸਮੇਂ ਵਿਚ ਹਰ ਖਾਣ ਵਾਲੀ ਚੀਜ਼ ਵਿਚ ਕੈਮੀਕਲ ਪਾਏ ਜਾਂਦੇ ਹਨ ਅਤੇ ਬਹੁਤ ਸਾਰੀ ਮਿਲਾਵਟ ਨਾਲ ਭਰਪੂਰ ਹਨ ਜਿਹੜਾ ਸਿੱਧਾ ਮਾੜਾ ਅਸਰ ਸਾਡੇ ਸਰੀਰ 'ਤੇ ਪਾਉਂਦੇ ਹਨ ਅਤੇ ਇਹ ਵੀ ਉਮਰ ਘੱਟ ਹੋਣ ਦਾ ਇਕ ਵੱਡਾ ਕਾਰਨ ਹੈ।


ਹਰਪ੍ਰੀਤ ਕੌਰ ਪੇਲੀਆ
ਜਨਰਲ ਸਕੱਤਰ
98763-58250




ਸ਼ਾਮ ਨੂੰ ਦਿਨ ਢਲਣ ਵੇਲੇ ਫਲਾਂ ਵਾਲੇ ਆਪਣੀਆਂ ਰੇਹੜੀਆਂ 'ਤੇ ਰੰਗਦਾਰ ਟਿਊਬਾਂ ਲਗਾਉਂਦੇ ਹਨ ਅਤੇ ਲੋਕਾਂ ਨੂੰ ਭਰਮਾਉਂਦੇ ਹਨ। ਸੇਬਾਂ ਵਾਲੀ ਰੇੜੀ 'ਤੇ ਲਾਲ ਰੰਗ, ਸਬਜ਼ੀਆਂ ਵਾਲੀ 'ਤੇ ਹਰੇ ਰੰਗ ਅਤੇ ਖਾਸ ਕਰਕੇ ਗੋਭੀ 'ਤੇ ਸਫ਼ੈਦ ਰੰਗ ਵਾਲੀ ਟਿਊਬ ਲਗਾਉਂਦੇ ਹਨ। ਇਸ ਤਰ੍ਹਾਂ ਇਹ ਵੱਖਰੇ-ਵੱਖਰੇ ਰੰਗ ਰੇਹੜੀ 'ਤੇ ਪਈ ਚੀਜ਼ ਨੂੰ ਹੋਰ ਖੂਬਸੂਰਤ ਬਣਾਉਂਦੇ ਹਨ ਅਤੇ ਲੋਕਾਂ ਨੂੰ ਹਰ ਚੀਜ਼ ਦੀ ਦਿਖ ਚੰਗੀ ਲੱਗਦੀ ਹੈ ਅਤੇ ਅਸਲ ਗੱਲ ਦਾ ਘਰ ਜਾ ਕੇ ਪਤਾ ਚੱਲਦਾ ਹੈ ਜਦੋਂ ਖਰੀਦਿਆ ਸਮਾਨ ਬੇਹਾ ਨਿਕਲਦਾ ਹੈ ਅਤੇ ਉਲੀ ਲੱਗੀ ਹੁੰਦੀ ਹੈ। ਕੇਲਿਆਂ ਨੂੰ ਪਕਾਉਣ ਲਈ ਅਸਲ ਵਿਚ ਬਰਫ਼ ਦੀ ਜ਼ਰੂਰਤ ਪੈਂਦੀ ਹੈ ਅਤੇ ਇਹ ਬਰਫ਼ ਨਾਲ ਪੱਕਦੇ ਹਨ ਅਤੇ ਉਹ ਸ਼ੁੱਧਤਾ ਨਾਲ ਭਰਪੂਰ ਹੁੰਦੇ ਹਨ। ਪਰ ਹੁਣ ਤਾਂ ਜਿੱਥੇ ਕੇਲੇ ਪਕਾਏ ਜਾਂਦੇ ਹਨ ਉਥੇ ਕਈ ਲੋਕ ਰਸਾਇਣਕ ਪਦਾਰਥਾਂ ਦੀ ਵਰਤੋਂ ਕਰਦੇ ਹਨ। ਉਸ ਨੂੰ ਪਾਣੀ ਵਿਚ ਘੋਲਿਆ ਜਾਂਦਾ ਹੈ ਅਤੇ ਫ਼ਿਰ ਕੇਲਿਆਂ ਦੇ ਗੁੱਛਿਆਂ ਨੂੰ ਉਸ ਪਾਣੀ ਵਿਚ ਡੁਬੋ ਦਿੱਤਾ ਜਾਂਦਾ ਹੈ ਅਤੇ ਉਹ ਕੁੱਝ ਸਮੇਂ ਬਾਅਦ ਕੇਲੇ ਤਿਆਰ ਹੋ ਜਾਂਦੇ ਹਨ। ਕੇਲੇ ਦੇ ਫਟੇ ਹਿੱਸਿਆਂ ਵਿਚ ਇਹ ਪਦਾਰਥ ਅੰਦਰ ਚਲਿਆ ਜਾਂਦਾ ਹੈ ਅਤੇ ਸਿਹਤ 'ਤੇ ਮਾੜਾ ਪ੍ਰਭਾਵ ਪਾਉਂਦੇ ਹਨ। ਅਜਿਹੇ ਗਲਤ





ਕੰਮ ਕਰਨ ਵਾਲੇ ਲੋਕ, ਜਨਤਾ ਨਾਲ ਧੋਖਾਧੜੀ ਕਰ ਰਹੇ ਹਨ ਅਤੇ ਕਾਨੂੰਨ ਦੀ ਉਲੰਘਣਾ ਕਰਕੇ ਆਪਣਾ ਫਾਇਦਾ ਕਰ ਰਹੇ ਹਨ। ਅਜਿਹੇ ਲੋਕਾਂ ’ਤੇ ਸ਼ਿਕੰਜਾ ਕੱਸਣਾ ਅਤੀ ਜ਼ਰੂਰੀ ਹੈ ਅਤੇ ਦੂਸਰਿਆਂ ਲਈ ਇਹ ਸਬਕ ਹੋਵੇਗਾ।


ਬਜ਼ਾਰ ਵਿਚ ਜੋ ਦਾਲਾਂ ਮਿਲਦੀਆਂ ਹਨ ਉਹ ਮਿਲਾਵਟ ਤੋਂ ਬਚ ਨਹੀਂ ਸਕਦੀਆਂ ਅਤੇ ਹਰ ਸ਼ਹਿਰ ਵਿਚ ਇਹ ਧੜੱਲੇ ਨਾਲ ਵਿਕ ਰਹੀਆਂ ਕਿਉਂਕਿ ਲੋਕ ਅਣਜਾਨ ਹਨ ਅਤੇ ਮਿਲਾਵਟ ਬਾਰੇ ਉਨ੍ਹਾਂ ਨੂੰ ਪਤਾ ਨਹੀਂ। ਕਈ ਦਾਲਾਂ ਨੂੰ ਖਤਰਨਾਕ ਰੰਗਾਂ ਦੀ ਪਰਤ ਚੜ੍ਹਾਈ ਹੁੰਦੀ ਹੈ ਅਤੇ ਲੋਕਾਂ ਨੂੰ ਉਹ ਦਾਲ ਵਧੀਆ ਦਿਸਦੀ ਹੈ ਅਤੇ ਲੋਕ ਉਸ ਵੱਲ ਉਕਸਾਏ ਜਾਂਦੇ ਹਨ ਅਤੇ ਦਾਲ ਦੇਖਣ ਨੂੰ ਅੱਛੀ ਲੱਗਦੀ ਹੈ। ਇਸ ਤਰ੍ਹਾਂ ਖਰੀਦਣ ਵਾਲਾ ਮਿਲਾਵਟ ਵਾਲੀ ਦਾਲ ਘਰ ਲੈ ਜਾਂਦਾ ਹੈ। ਰਾਜਮਾਂਹ ਦੀ ਗੱਲ ਲੈ ਲਉ ਇਸ ’ਤੇ ਗੂੜਾ ਰੰਗ ਚਾੜ੍ਹਿਆ ਜਾਂਦਾ ਹੈ ਅਤੇ ਦਾਲਾਂ ਨੂੰ ਪਾਣੀ ਨਾਲ ਧੋਣ ’ਤੇ ਇਹ ਥੋੜ੍ਹਾ ਜਿਹਾ ਰੰਗ ਲਹਿ ਜਾਂਦਾ ਹੈ। ਜੇ ਮਾਰਕੀਟ ਵਿਚ ਦੋ ਤਰ੍ਹਾਂ ਦੇ ਰਾਜਮਾਂਹ ਪਏ ਹਨ। ਇਕ ’ਤੇ ਰੰਗ ਚੜ੍ਹਿਆ ਅਤੇ ਦੂਸਰਾ ਬਿਨ੍ਹਾਂ ਰੰਗ ਤੋਂ ਹੋਵੇ ਤਾਂ ਦੇਖਣ ਨੂੰ ਰੰਗਦਾਰ ਚੀਜ਼ ਦੇਸੀ ਜਿਹੀ ਲੱਗੇਗੀ ਅਤੇ ਦੂਸਰੀ ਉਸਦੇ ਮੁਕਾਬਲੇ ਘਟੀਆ ਲੱਗਦੀ ਹੈ। ਆਮ ਆਦਮੀ ਫ਼ਿਰ ਆਪਣੇ ਆਪ ਹੀ ਗੂੜ੍ਹੇ ਰੰਗ ਵਾਲੀ ਹੀ ਖਰੀਦੇਗਾ। ਪਰ ਉਹ ਮਿਲਾਵਟ ਨਾਲ ਭਰਪੂਰ ਹੋ ਸਕਦੀ ਹੈ ਜਿਹੜੀ ਸਿਹਤ ’ਤੇ ਬੁਰਾ ਪ੍ਰਭਾਵ ਪਾ ਸਕਦੀ ਹੈ।

ਮਾਰਕੀਟ ਵਿਚ ਖਰੀਦਦਾਰ ਘੱਟ ਮੁੱਲ ’ਤੇ ਵੱਧ ਚੀਜਾਂ ਹਾਸਿਲ ਕਰਨੀਆਂ ਚਾਹੁੰਦਾ ਹੈ ਅਤੇ ਹਰ ਇਕ ਦੀ ਕੋਸ਼ਿਸ਼ ਹੈ ਕਿ ਸਸਤੀਆਂ ਚੀਜ਼ਾਂ ਪ੍ਰਾਪਤ ਕੀਤੀਆਂ ਜਾਣ। ਇਸੇ ਕਰਕੇ ਵੇਚਣ ਵਾਲੇ ਅਤੇ ਖਰੀਦਣ ਵਾਲੇ ਦੀ ਸੋਚ ਕਰਕੇ ਮਹਿੰਗਾਈ ਵਧੀ ਹੈ ਅਤੇ ਆਮ ਜਨਤਾ ਦਾ ਦਿਨੋਂ ਦਿਨ ਕਚੂੰਬਰ ਕੱਢਿਆ ਜਾ ਰਿਹਾ ਹੈ। ਖਾਧ ਪਦਾਰਥਾਂ ਦੇ ਵਿਚ ਹੋਰ ਪਦਾਰਥਾਂ ਨੂੰ ਮਿਲਾ ਕੇ ਪਦਾਰਥਾਂ ਨੂੰ ਹਾਨੀਕਾਰਕ ਬਣਾਇਆ ਜਾ ਰਿਹਾ ਹੈ ਅਤੇ ਦੇਸ਼ ਧ੍ਰੋਹੀ ਲੋਕ ਦੇਸ਼ ਪ੍ਰੇਮੀਆਂ ਦੀ ਸਿਹਤ ਨਾਲ ਖਿਲਵਾੜ ਕਰ ਰਹੇ ਹਨ। ਰੂਲ 1954 ਅਤੇ 1955 ਭੋਜਨ ਪਦਾਰਥਾਂ ਦੇ ਵਿਚ ਮਿਲਾਵਟ ਨੂੰ ਰੋਕਣ ਲਈ, ਇਕ ਕਾਨੂੰਨ ਬਣਾਇਆ ਗਿਆ ਸੀ ਜਿਹੜਾ ਅਜੇ ਵੀ ਲਾਗੂ ਹੈ। ਕਿਸੇ ਪਦਾਰਥ ਵਿਚ ਹੋਰ ਚੀਜ਼ ਪਾ ਕੇ ਵਧਾ ਦੇਣੀ ਜਾਂ ਕਿਸੇ ਪਦਾਰਥ ਵਿਚੋਂ ਕੋਈ ਚੀਜ਼ ਕੱਢ ਦੇਣੀ ਉਸਨੂੰ ਮਿਲਾਵਟ ਕਿਹਾ ਜਾਂਦਾ ਹੈ। ਕਿਸੇ ਵੀ ਦੋਸ਼ੀ ਵਿਅਕਤੀ ਨੂੰ ਕਾਨੂੰਨ ਅਨੁਸਾਰ ਸਜ਼ਾ ਮਿਲ ਸਕਦੀ ਹੈ। ਪਰ ਗੈਰ ਸਮਾਜਿਕ ਤੱਤ ਅਜੇ ਵੀ ਦੁਰਵਰਤੋਂ ਅਤੇ ਆਪ ਹੁਦਰੀ ਕਰਕੇ ਲੋਕਾਂ ਦੀ ਸਿਹਤ ਨਾਲ ਖਿਲਵਾੜ ਕਰ ਰਹੇ ਹਨ। ਬੇਸ਼ੱਕ ਸਰਕਾਰੀ ਅਧਿਕਾਰੀ ਆਪਣੀਆਂ ਗਤੀਵਿਧੀਆਂ ਬਾਖੂਬੀ ਨਾਲ ਚਲਾ ਰਹੇ ਹਨ ਪਰ ਫ਼ਿਰ ਵੀ ਮਿਲਾਵਟ ਖੋਰਾਂ ਨੂੰ ਪੂਰੀ ਤਰਾਂ ਨੱਥ ਨਹੀਂ ਪੈ ਸਕੀ ਅਤੇ ਅਜੇ ਬਹੁਤ ਕੁੱਝ ਕਰਨਾਂ ਬਾਕੀ ਹੈ। ਚਾਹ ਪੱਤੀ ਵਿਚ ਲੋਹੇ ਦਾ ਚੂਰਾ, ਚਮੜੇ ਦਾ ਬੁਰਾਦਾ, ਕੋਲਤਾਰ ਦਾ ਰੰਗ, ਲੱਕੜ ਦਾ ਬੁਰਾਦਾ; ਧਨੀਆ ਅਤੇ ਮਸਾਲਾ ਵਿਚ ਲੱਕੜ ਦਾ ਬੂਰਾ; ਹਰੀਆਂ ਸਬਜ਼ੀਆਂ ਵਿਚ ਹਰਾ ਰੰਗ, ਅਰਹਰ ਦੀ ਦਾਲ ਵਿਚ ਖੇਸਾਰੀ ਦਾਲ; ਕਾਲੀ ਮਿਰਚ ਵਿਚ ਪਪੀਤੇ ਦੇ ਬੀਜ; ਚੌਲ ਵਿਚ ਮਿੱਟੀ, ਰੇਤ, ਕੰਕਰ, ਚੌਲਾਂ ਦਾ ਛਿਲਕਾ, ਪਾਊਡਰ; ਕੌਫ਼ੀ ਪਾਊਡਰ ਵਿਚ ਸਟਾਰਚ, ਝੁਲਸਿਆ ਖਜੂਰ ਦਾ ਚੂਰਨ; ਗੁੜ ਵਿਚ ਸੋਡੀਅਮ ਕਾਰਬੋਨੇਟ, ਮੈਲਾਟਿਕ ਪੀਲਾ ਰੰਗ; ਮਠਿਆਈ ਵਿਚ ਰੋਡਾਮਾਈਨ ਬੀ ਰੰਗ; ਮਰੂਡੇ ਵਿਚ ਯੂਰੀਆ; ਹਲਦੀ ਪਾਊਡਰ ਵਿਚ ਮੈਟਾਲਿਕ ਰੰਗ; ਸਰੋਂ ਦੇ ਤੇਲ ਵਿਚ ਆਰਗੈਨਿਕ ਤੇਲ, ਅਰਿੰਡ ਤੇਲ; ਦੁੱਧ ਵਿਚ ਸੋਡੀਅਮ ਬਾਈਕਾਰਬੋਨੇਟ, ਆਟਾ, ਯੂਰੀਆ; ਖੋਏ ਵਿਚ ਸਿਆਹੀ ਚੂਸ ਪਾ ਕੇ ਖਾਧ ਪਦਾਰਥਾਂ ਦੇ ਵਿਚ ਗੜ੍ਹਬੜ ਕਰਕੇ ਲੋਕਾਂ ਵਾਸਤੇ ਮੁਸੀਬਤਾਂ ਖੜ੍ਹੀਆਂ ਕਰ ਰਹੇ ਹਨ। ਸਮਾਜ ਦੇ ਸਾਰੇ ਵਰਗ ਮਿਲਾਵਟ ਤੋਂ ਅਣਜਾਨ ਹਨ ਅਤੇ ਉਨ੍ਹਾਂ ਨੂੰ ਸੁਚੇਤ ਕਰਨ ਦੀ ਲੋੜ ਹੈ। ਲੋਕਾਂ ਦੇ ਵਿਚ ਜਾਗਰੂਕਤਾ ਮੁਹਿੰਮ ਚਲਾਉਣ ਦੀ ਜ਼ਰੂਰਤ ਹੈ ਅਤੇ ਅਖ਼ਬਾਰਾਂ, ਰਸਾਲਿਆਂ, ਮੈਗਜ਼ੀਨਾਂ ਅਤੇ ਸਕੂਲਾਂ ਦੇ ਵਿਚ ਜੰਗੀ ਪੱਧਰ ’ਤੇ ਕਾਰਵਾਈਆਂ ਕਰਨ ਦੀ ਲੋੜ ਹੈ। ਟੀ.ਵੀ. ਚੈਨਲ ਇਸ ਕੰਮ ਵਿਚ ਬਹੁਤ ਵੱਡਾ ਰੋਲ ਅਦਾ ਕਰ ਸਕਦਾ ਹੈ ਅਤੇ ਲੋਕਾਂ ਵਿਚ ਚੇਤਨਾਂ ਭਰ ਸਕਦਾ ਹੈ। ਜਦੋਂ ਲੋਕਾਂ ਨੂੰ ਸਮਝ ਆ ਗਈ ਤਾਂ ਫਿਰ ਮਿਲਾਵਟ ਖੋਰਾਂ ਦੀ ਖੈਰ ਨਹੀਂ। ਫੂਡ ਇੰਸਪੈਕਟਰ ਅਤੇ ਐਕਸ਼ਨ ਰਿਸਰਚ ਇੰਸੀਚਿਊਟ ਤੋਂ ਮਦਦ ਲਈ ਜਾ ਸਕਦੀ ਹੈ ਅਤੇ ਆਮ ਲੋਕ ਮਿਲਾਵਟ ਖੋਰਾਂ ਦੀ ਰਿਪੋਰਟ ਇਨ੍ਹਾਂ ਨੂੰ ਦੇ ਸਕਦੇ ਹਨ। ਸਿਰਫ ਹੰਭਲਾ ਮਾਰਨ ਦੀ ਜ਼ਰੂਰਤ ਹੈ। ਅਜਿਹੇ ਢੰਗ ਨਾਲ ਦੋਸ਼ੀਆਂ ਨੂੰ ਨੱਥ ਪਾਈ ਜਾ ਸਕਦੀ ਹੈ ਅਤੇ ਦੋਸ਼ੀ ਲੋਕਾਂ ਨੂੰ ਸਜ਼ਾਵਾਂ ਦਿਵਾਈਆਂ ਜਾ ਸਕਦੀਆਂ ਹਨ ।

# ਸੱਭਿਅਕ ਸਮਾਜ ਦਾ ਸਰਾਪ - ਕਲਯੁਗੀ ਦੁਰਾਚਾਰੀ ਬਾਬੇ

ਪਿਛਲੇ ਕੁਝ ਸਮੇਂ ਤੋਂ ਸਾਡੇ ਦੇਸ਼ ਵਿਚ ਕਈ ਬਾਬੇ ਜੋ ਪਹਿਲਾਂ ਚਮਤਕਾਰੀ ਅਖਵਾਉਂਦੇ ਸਨ। ਭੋਲੇ-ਭਾਲੇ ਲੋਕਾਂ ਨੂੰ ਮਗਰ ਲਗਾ ਕੇ ਆਪਣੀ ਸ਼ੋਹਰਤ ਦੀ, ਧੰਨ ਦੀ, ਦੁਨਿਆਵੀ ਸੁਖਾਂ ਦੀ ਲਾਲਸਾ ਪੂਰੀ ਕਰਦੇ-ਕਰਦੇ ਸਰੀਰਕ ਲਾਲਸਾ ਪੂਰੀ ਕਰਨ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਹਨ ਜਾਂ ਕਈ ਸਜ਼ਾ ਪਾ ਚੁੱਕੇ ਹਨ, ਇਨ੍ਹਾਂ ਦੀ ਗਿਣਤੀ ਵੱਧਦੀ ਜਾਂਦੀ ਹੈ। ਅਸਲ ਵਿਚ ਸਾਧਾਰਨ ਜਨਤਾ ਆਪਣੀਆਂ ਰੋਜਮਰਾ ਦੀ ਜ਼ਿੰਦਗੀ ਦੀਆਂ ਮੁਸ਼ਕਲਾਂ, ਗਰੀਬੀ ਅਤੇ ਹੋਰ ਕਮੀਆਂ ਦੀ ਮਾਰ ਹੇਠ ਰਹਿ ਰਹੀ ਹੈ। ਬਹੁਤ ਯਤਨ ਕਰਕੇ ਵੀ ਜਦੋਂ ਉਹ ਇਨ੍ਹਾਂ ਅਲਾਮਤਾਂ ਵਿਚੋਂ ਨਿਕਲ ਨਹੀਂ ਪਾਂਦੇ ਤਾਂ ਉਹ ਕਿਸੇ ਕਰਾਮਾਤ ਰਾਹੀਂ ਇਨ੍ਹਾਂ ਅਲਾਮਤਾਂ ਤੋਂ ਛੁਟਕਾਰਾ ਪਾਉਣ ਵਾਲੇ ਕਿਸੇ ਝੂਠੇ, ਫਰੇਬੀ ਤੇ ਲਾਲਚੀ ਤੇ ਢੌਂਗੀ ਬਾਬੇ ਦੇ ਜਾਲ ਵਿਚ ਜਲਦੀ ਫਸ ਜਾਂਦੇ ਹਨ। ਉਹ ਇਸ ਅਖੌਤੀ ਤੇ ਪਾਖੰਡੀ ਸਾਧ ਜਾਂ ਬਾਬੇ ਦੇ ਦਰ ਤੇ ਮੱਥੇ ਰਗੜਦੇ, ਦਸਵੰਦ ਦਿੰਦੇ ਤੇ ਬਾਬੇ ਦੇ ਹਰ ਬੋਲ ਪੂਰੀ ਤਰ੍ਹਾਂ ਪੁਗਾਉਣ ਤੱਕ ਦੀ ਅੰਨ੍ਹੀ ਸ਼ਰਧਾ ਅਤੇ ਭਗਤੀ ਵਿਚ ਗੁਆਚ ਜਾਂਦੇ ਹਨ ਤੇ ਮਾੜੇ ਚੰਗੇ ਦੀ ਪਛਾਣ ਵਾਲੀ ਕੋਈ ਵੀ ਘਸਵੱਟੀ ਉਹ ਅਜਮਾਉਂਦੇ ਨਹੀਂ। ਸਗੋਂ ਉਨ੍ਹਾਂ ਦੀ ਸੰਗਤ ਵਿਚ ਜਾ ਕੇ ਉਸ ਦੇ ਜਾਲ ਵਿਚ ਪਹਿਲਾਂ ਫਸੇ ਲੋਕਾਂ ਤੋਂ ਉਸ ਦੀ ਉਸਤਤ ਦੀਆਂ ਗਾਥਾਵਾਂ ਸੁਣ ਕੇ, ਹੁਣ ਤੱਕ ਦਾ ਸਮਾਂ ਨਜਾਇਜ਼ ਗੁਆਇਆ ਕਹਿ ਕੇ, ਹੋਰ ਵੀ ਦ੍ਰਿੜ੍ਹਤਾ ਨਾਲ ਬੱਝ ਜਾਂਦੇ ਹਨ ਤੇ ਮਾੜੇ ਚੰਗੇ ਦਾ ਫਰਕ ਉਨ੍ਹਾਂ ਨੂੰ ਨਜ਼ਰ ਨਹੀਂ ਆਉਂਦਾ। ਇਸ ਅੰਨ੍ਹੀ ਭਗਤੀ ਵਿਚ ਦਿੱਤੇ ਦਾਨ ਦਕਸ਼ਣਾ ਤੋਂ ਬਾਬਾ ਤਾਂ ਦਿਨੋਂ-ਦਿਨ ਅਮੀਰ ਹੋਈ ਜਾਂਦਾ ਹੈ। ਅਜਿਹਾ ਵਰਤਾਰਾ ਆਮ ਜਿਹਾ ਹੀ ਹੋ ਗਿਆ ਹੈ। ਬਾਬਾ ਆਪਣੀ ਅਮੀਰੀ ਨੂੰ ਪੂਰਾ ਚਮਕਾਉਂਦਾ ਹੈ। ਫਿਰ ਭਗਤਾਂ ਦੀ ਗਿਣਤੀ ਵੱਡੀ ਹੋ ਜਾਣ ਤੇ ਲੋਕਤੰਤਰੀ ਪ੍ਰਣਾਲੀ ਵਿਚ ਵੋਟ ਗਿਣਤੀ ਦਾ ਡਰ ਦੇ ਕੇ ਵੱਖ-ਵੱਖ ਸਿਆਸੀ ਜਮਾਤਾਂ ਨੂੰ ਵੀ ਮਗਰ ਲਾ ਲੈਂਦਾ ਹੈ।

ਲੋਕਾਂ ਨੇ ਆਪਣੀ ਅੰਨ੍ਹੀ ਭਗਤੀ ਨਾਲ ਬਾਬੇ ਅਰਬ ਖਰਬਪਤੀ ਕਰ ਦਿੱਤੇ ਹਨ। ਅਜਿਹਾ ਵਰਤਾਰਾ ਹਰਿਆਣਾ ਦੇ ਕਸਬਾ ਸਿਰਸਾ ਵਿਚ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਵਿਰੁੱਧ ਪਿਛਲੇ 15 ਸਾਲ ਤੋਂ ਚਲ ਰਹੇ ਸਾਧਵੀਆਂ ਦੇ ਬਲਾਤਕਾਰ ਦੇ ਮੁਕੱਦਮੇ ਵਿਚ ਫੈਸਲਾ ਆਉਣ ਤੇ ਸਮਾਜ ਵਿਚ ਹੁਣ ਮੁੱਖ ਤੌਰ ਤੇ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਡੇਰੇ ਵਿਚ ਬਾਬੇ ਦੀ ਦਰਿੰਦਗੀ ਦਾ ਸ਼ਿਕਾਰ ਹੋਈਆਂ ਸਾਧਵੀਆਂ ਵਿਚੋਂ ਇਕ ਨੇ ਬੜੀ ਹਿੰਮਤ ਕਰਕੇ ਆਪਣੇ ਨਾਲ ਬਾਬੇ ਵੱਲੋਂ ਕੀਤੇ ਜਬਰ ਜਿਨਾਹ ਅਤੇ ਡੇਰੇ ਵਿਚ ਹੁੰਦੀਆਂ ਹੋਰ ਅਣਮਨੁੱਖੀ ਕਾਰਨਾਮਿਆਂ ਦਾ ਜ਼ਿਕਰ ਕਰਦੇ ਹੋਏ ਇਕ ਬੇਨਾਮ ਚਿੱਠੀ ਉਸ ਵੇਲੇ ਦੇ ਪ੍ਰਧਾਨ ਮੰਤਰੀ ਸ੍ਰੀ ਅਟਲ ਬਿਹਾਰੀ ਵਾਜਪਾਈ ਦੇ ਦਫ਼ਤਰ, ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਮੁੱਖ ਜੱਜ ਅਤੇ ਹੋਰ ਕਈ ਸ਼ਖ਼ਸ਼ੀਅਤਾਂ ਨੂੰ ਭੇਜੀ ਸੀ। ਇਨ੍ਹਾਂ ਚਿੱਠੀਆਂ ਕਾਰਨ ਇਸ ਸ਼ਿਕਾਇਤ ਦੀ ਮੁੱਢਲੀ ਜਾਂਚ ਵਿਚ ਕੁਝ ਸੱਚਾਈਆਂ ਲੱਗਣ ਦੀ ਰਿਪੋਰਟ ਮਿਲਣ ਤੇ ਇਹ ਕੇਸ ਸੀ.ਬੀ.ਆਈ. ਨੂੰ ਪੜਤਾਲ ਲਈ ਦੇ ਦਿੱਤਾ ਗਿਆ ਸੀ। ਸੀ.ਬੀ.ਆਈ. ਅਧਿਕਾਰੀਆਂ ਨੇ ਬੜੀ ਦਲੇਰੀ ਅਤੇ ਹਿੰਮਤ ਨਾਲ ਸ਼ਿਕਾਇਤਕਰਤਾ ਨੂੰ ਲੱਭਿਆ ਉਸ ਦੀ ਨਿਸ਼ਾਨਦੇਹੀ ਤੇ ਕੁਲ ਸੱਤ ਸਾਧਵੀਆਂ ਦੇ ਬਿਆਨ ਦਰਜ ਕੀਤੇ ਜਿਨ੍ਹਾਂ ਨੇ ਸੀ.ਬੀ.ਆਈ. ਪਾਸ ਇਹ ਮੰਨਿਆ ਕਿ ਡੇਰਾ ਮੁਖੀ ਨੇ ਉਨ੍ਹਾਂ ਨਾਲ ਮਾੜਾ ਕਰਮ ਕੀਤਾ ਹੈ। ਸੀ.ਬੀ.ਆਈ. ਨੇ ਬਾਬੇ ਖਿਲਾਫ਼ ਮੁਕੱਦਮਾ ਦਰਜ ਕਰਕੇ ਚਾਰਜਸ਼ੀਟ ਜਾਰੀ



ਕਰਵਾਈ। 15 ਸਾਲ ਲੰਮੀ ਚੱਲੀ ਇਸ ਪ੍ਰਕਿਰਿਆ ਵਿਚ ਕੁਲ ਸੱਤ ਸਾਧਵੀਆਂ ਵਿਚੋਂ ਪੰਜ ਨੇ ਜਾਂ ਤਾਂ ਕਿਸੇ ਦਬਾਅ ਵਿਚ ਆਪਣੇ ਬਿਆਨ ਬਦਲ ਲਏ ਜਾਂ ਉਹ ਮੁਕੱਦਮੇ ਦੌਰਾਨ ਗਵਾਹੀ ਲਈ ਪੇਸ਼ ਹੀ ਨਹੀਂ ਹੋਈਆਂ। ਪ੍ਰੰਤੂ ਦੋ ਸਾਧਵੀਆਂ ਆਪਣੇ ਬਿਆਨਾਂ ਤੇ ਕਾਇਮ ਰਹੀਆਂ ਅਤੇ ਅਦਾਲਤ ਵਿਚ ਪੇਸ਼ ਹੋ ਕੇ ਉਹਨਾਂ ਨੇ ਪੂਰੀ ਦਲੇਰੀ ਨਾਲ ਆਪਣੇ ਬਿਆਨਾਂ ਵਿਚ ਦੱਸਿਆ ਕਿ ਕਲਯੁਗੀ ਬਾਬੇ ਨੇ ਜੋ ਆਪਣੇ ਆਪ ਨੂੰ ਡੇਰੇ ਵਿਚ ਰਹਿੰਦੀਆਂ ਸਾਧਵੀਆਂ ਦਾ ਪਿਤਾ ਅਖਵਾਉਂਦਾ ਹੈ, ਉਨ੍ਹਾਂ ਨਾਲ ਬਲਾਤਕਾਰ ਕੀਤਾ ਤੇ ਗੱਲ ਬਾਹਰ ਨਿਕਲਣ ਤੇ ਜਾਨੋਂ ਮਾਰਨ ਦੀਆਂ ਧਮਕੀਆਂ ਵੀ ਦਿੱਤੀਆਂ। ਮੁਕੱਦਮੇ ਵਿਚ ਬਾਬੇ ਨੂੰ ਬਲਾਤਕਾਰੀ ਬਾਬਾ ਮੰਨ ਲਿਆ ਗਿਆ ਤੇ ਸੀ.ਬੀ.ਆਈ. ਅਦਾਲਤ ਦੇ ਜੱਜ ਨੇ ਉਸ ਨੂੰ 20 ਸਾਲ ਦੀ ਜੇਲ੍ਹ ਦੀ ਸਜ਼ਾ ਸੁਣਾਈ। ਬਲਾਤਕਾਰੀ ਬਾਬਾ ਅੱਜਕਲ੍ਹ ਰੋਹਤਕ ਜੇਲ੍ਹ ਵਿਚ ਸਜ਼ਾ ਕੱਟ ਰਿਹਾ ਹੈ।


**ਸੁਰਿੰਦਰ ਸਿੰਘ ਰੂਬੀ**
**ਆਬਕਾਰੀ ਤੇ ਕਰ ਅ.ਫਸਰ**
**(ਸੇਵਾ ਮੁਕਤ)**
**ਸੰਪਾਦਕ**
**98141-28181**




ਬਾਬੇ ਰਾਮ ਰਹੀਮ ਨੂੰ ਦੋਸ਼ੀ ਹੋਣ ਦਾ ਫੈਸਲਾ ਸੁਨਾਉਣ ਵਾਲੇ ਦਿਨ ਪੰਚਕੂਲਾ ਵਿਚ ਉਸ ਦੇ ਹਜ਼ਾਰਾਂ ਪੈਰੋਕਾਰਾਂ ਨੂੰ ਉਥੇ ਇਕੱਠੇ ਹੋਣ ਦੇਣਾ ਹਰਿਆਣਾ ਸਰਕਾਰ ਦਾ ਸਿਰਫ਼ ਤੇ ਸਿਰਫ਼ ਬਾਬੇ ਵੱਲੋਂ ਚੋਣਾਂ ਵਿਚ ਲਈ ਮੱਦਦ ਕਾਰਨ, ਕਾਨੂੰਨ ਵਿਵਸਥਾ ਬਣਾਈ ਰੱਖਣ ਦੀ ਆਪਣੀ ਮੁੱਢਲੀ ਜ਼ਿੰਮੇਵਾਰੀ ਤੋਂ ਅੱਖਾਂ ਮੀਟ ਲੈਣਾ ਇਕ ਬੱਜਰ ਗਲਤੀ ਸੀ। ਸਰਕਾਰ ਦੇ ਇਕ ਮੰਤਰੀ ਦਾ ਬਿਆਨ ਆਇਆ ਕਿ ਇਹ ਲੋਕਾਂ ਦੀ ਆਸਥਾ ਦਾ ਪ੍ਰਸ਼ਨ ਹੈ ਅਤੇ ਆਸਥਾ ਤੇ ਦਫ਼ਾ 144 ਨਹੀਂ ਲਗਾਈ ਜਾ ਸਕਦੀ। ਬਾਬੇ ਨੂੰ ਦੋਸ਼ੀ ਕਰਾਰ ਦੇਣ ਤੇ ਪੰਚਕੂਲਾ ਅਤੇ ਸਿਰਸਾ ਵਿਚ ਡੇਰਾ ਸ਼ਰਧਾਲੂਆਂ ਨੇ ਸਰਕਾਰੀ ਤੇ ਨਿੱਜੀ ਜਾਇਦਾਦ ਦਾ ਬੜੇ ਵੱਡੇ ਪੱਧਰ ਤੇ ਅਗਜਨੀ ਕਰਕੇ ਬੜਾ ਨੁਕਸਾਨ ਕੀਤਾ। ਪੰਜਾਬ ਦੇ ਮਾਲਵੇ ਦੇ ਜ਼ਿਲ੍ਹਿਆਂ ਵਿਚ ਵੀ ਅਗਜਨੀ ਅਤੇ ਸਾੜ ਫੂਕ ਦੀਆਂ ਘਟਨਾਵਾਂ ਹੋਈਆਂ।


ਗੁਰਮੀਤ ਰਾਮ ਰਹੀਮ ਤੇ ਅਜੇ ਸਿਰਸੇ ਦੇ ਇਕ ਪੱਤਰਕਾਰ ਛੱਤਰਪਤੀ ਅਤੇ ਡੇਰੇ ਦੇ ਇਕ ਮੈਨੇਜਰ ਰਣਜੀਤ ਸਿੰਘ ਦੇ ਕਤਲ ਦੇ ਮੁਕੱਦਮੇ ਵੀ ਅਜੇ ਸੁਣਵਾਈ ਅਧੀਨ ਹਨ। ਉਨ੍ਹਾਂ ਕੇਸਾਂ ਦਾ ਫੈਸਲਾ ਵੀ ਆਉਣ ਵਾਲਾ ਹੈ।

**ਆਸਾ ਰਾਮ ਬਾਪੂ** - ਇਕ ਹੋਰ ਲੱਖਾਂ ਸ਼ਰਧਾਲੂ ਹੋਣ ਦਾ ਦਾਅਵਾ ਕਰਨ ਵਾਲਾ ਬਾਬਾ ਬਾਪੂ ਆਸਾ ਰਾਮ ਇਕ ਨਾਬਾਲਗ ਲੜਕੀ ਨਾਲ ਜਬਰ ਜਨਾਹ ਕਰਨ ਦੇ ਦੋਸ਼ ਹੇਠ ਜੇਲ੍ਹ ਵਿਚ ਬੰਦ ਹੈ। ਉਸ ਦੇ ਦੀਵਾਨਾਂ ਵਿਚ ਪ੍ਰਵਚਨ ਸੁਨਣ ਲਈ ਹਜ਼ਾਰਾਂ ਦੀ ਗਿਣਤੀ ਵਿਚ ਉਸ ਦੇ ਸ਼ਰਧਾਲੂ ਇਕੱਠੇ ਹੁੰਦੇ ਸਨ। ਬਾਬਾ ਬੜੇ ਨਾਟਕੀ ਤਰੀਕੇ ਦੀ ਕਲਾਕਾਰੀ ਤੇ ਨੱਚ-ਟੱਪ ਕੇ




ਆਪਣੇ ਸ਼ਰਧਾਲੂਆਂ ਦਾ ਸਮੋਹਨ ਕਰਦਾ ਸੀ। ਉਸ ਤੇ ਨਾਬਾਲਗ ਲੜਕੀ ਨਾਲ ਦੁਸ਼ਕਰਮ ਕਰਨ ਦਾ ਇਲਜਾਮ ਲੱਗਣ ਤੇ ਅਦਾਲਤ ਦੀਆਂ ਹਦਾਇਤਾਂ ਦੇ ਬਾਵਜੂਦ ਵੀ ਉਹ ਪੁਲਿਸ ਸਾਹਮਣੇ ਪੜਤਾਲ ਵਿਚ ਸਹਿਯੋਗ ਕਰਨ ਤੋਂ ਆਨਾਕਾਨੀ ਕਰਦਾ ਰਿਹਾ। ਇਹੋ ਕਾਰਨ ਹੈ ਅਜੇ ਮੁਕੱਦਮੇ ਦੀ ਸੁਣਵਾਈ ਚੱਲ ਰਹੀ ਹੈ ਪ੍ਰੰਤੂ ਦੇਸ਼ ਦੀ ਸਰਵਉੱਚ ਅਦਾਲਤ ਤੱਕ ਉਸ ਦੀ ਅਤੇ ਉਸ ਦੇ ਬਲਾਤਕਾਰੀ ਪੁੱਤਰ ਨਰਾਇਣ ਸਵਾਮੀ ਦੀ ਜ਼ਮਾਨਤ ਦੀ ਅਰਜ਼ੀ ਨਾਮਨਜ਼ੂਰ ਕਰ ਦਿੱਤੀ ਗਈ ਹੈ। ਉਸ ਦੇ ਕੇਸ ਵਿਚ ਪੇਸ਼ ਹੋਏ ਕਈ ਗਵਾਹਾਂ ਦੀ ਬੜੀ ਸ਼ੱਕੀ ਹਾਲਤ ਵਿਚ ਮੌਤ ਹੋ ਚੁੱਕੀ ਹੈ। ਕਿਹਾ ਜਾਂਦਾ ਹੈ ਕਿ ਉਸ ਦੇ ਚੇਲਿਆਂ ਵੱਲੋਂ ਹੀ ਇਹਨਾਂ ਗਵਾਹਾਂ ਨੂੰ ਵਾਰੀ ਵਾਰੀ ਮੌਤ ਦੇ ਘਾਟ ਉਤਾਰਿਆ ਜਾ ਰਿਹਾ ਹੈ। ਇਸੇ ਕਾਰਨ ਬਲਾਤਕਾਰੀ ਆਸਾ ਰਾਮ ਜੋ ਲੋਕਾਂ ਨੂੰ ਸਵਰਗ ਦੇ ਸੁਪਨੇ ਵਿਖਾਉਂਦਾ ਸੀ ਖੁਦ ਅਹਿਮਦਾਬਾਦ ਦੀ ਜੇਲ੍ਹ ਵਿਚ ਬੈਠਾ ਹੈ।

**ਰਾਮਪਾਲ** - ਹਰਿਆਣੇ ਦੇ ਕਸਬਾ ਬਰਵਾਲਾ ਵਿਚ ਅਜਿਹੇ ਹੀ ਇਕ ਬਾਬੇ ਰਾਮਪਾਲ ਦਾ ਡੇਰਾ ਹੈ। ਉਸ ਦੇ ਡੇਰੇ ਵਿਚ ਇਕ ਸਾਧੂ ਦੀ ਹੱਤਿਆ ਅਤੇ ਹੋਰ ਕਈ ਗਲਤ ਕੰਮ ਹੋਣ ਦਾ ਉਸ ਤੇ ਇਲਜ਼ਾਮ ਲੱਗਾ ਸੀ। ਆਪਣੇ ਹਜ਼ਾਰਾਂ ਚੇਲਿਆਂ ਦੀ ਆੜ ਵਿਚ ਉਸ ਨੇ ਅਦਾਲਤ ਵੱਲੋਂ ਉਸ ਨੂੰ ਪੇਸ਼ ਹੋਣ ਦੇ 47 ਮੌਕੇ ਦੇਣ ਤੇ ਵੀ ਉਸ ਨੇ ਦੁਨਿਆਵੀ ਅਦਾਲਤ ਵਿਚ ਪੇਸ਼ ਹੋਣ ਤੋਂ ਇਨਕਾਰ ਕਰ ਦਿੱਤਾ ਸੀ। ਜਦ ਪੁਲਿਸ ਨੇ ਉਸ ਨੂੰ ਗ੍ਰਿਫ਼ਤਾਰ ਕਰਕੇ ਅਦਾਲਤ ਵਿਚ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਤਾਂ ਸੱਤ ਦਿਨ ਤੱਕ ਉਸ ਦੇ



ਸ਼ਰਧਾਲੂਆਂ ਨੇ ਪੁਲਿਸ ਨੂੰ ਡੇਰੇ ਦੇ ਅੰਦਰ ਨਹੀਂ ਜਾਣ ਦਿੱਤਾ ਸੀ। ਬਾਅਦ ਵਿਚ ਪੁਲਿਸ ਵੱਲੋਂ ਜਬਰਦਸਤੀ ਦਾਖਲ ਹੋਣ ਤੇ ਉਸ ਦੇ ਸ਼ਰਧਾਲੂਆਂ ਦੀ ਵਿਰੋਧਤਾ ਦਾ ਸਾਹਮਣਾ ਕਰਨਾ ਪਿਆ ਸੀ। ਦੋਨੋਂ ਪਾਸਿਆਂ ਤੋਂ ਗੋਲੀਆਂ ਚੱਲੀਆਂ ਸਨ। ਤਲਾਸ਼ੀ ਦੌਰਾਨ ਡੇਰੇ ਦੇ ਅੰਦਰੋਂ ਇਕ ਮਾਸੂਮ ਬੱਚੇ ਦੀ ਲਾਸ਼ ਦੇ ਨਾਲ-ਨਾਲ ਪੰਜ ਔਰਤਾਂ ਦੀਆਂ ਲਾਸ਼ਾਂ ਵੀ ਮਿਲੀਆਂ ਸਨ। ਬਾਬਾ ਰਾਮਪਾਲ ਅਜੇ ਜੇਲ੍ਹ ਦੀਆਂ ਸਲਾਖਾਂ ਪਿੱਛੇ ਹੈ।

**ਨਿਤਿਆ ਨੰਦ** - ਬੰਗਲੌਰ ਸ਼ਹਿਰ ਤੋਂ ਥੋੜ੍ਹੀ ਦੂਰ ਸਥਿਤ ਇਕ ਵਿਸ਼ਾਲ ਡੇਰੇ ਦਾ ਮਾਲਕ ਸਵਾਮੀ ਨਿਤਿਆਨੰਦ ਵੀ ਅਯਾਸ਼ੀ ਭਰੀ ਜ਼ਿੰਦਗੀ ਜਿਊਣ ਲਈ ਚਰਚਾ ਵਿਚ ਰਿਹਾ ਹੈ ਅਤੇ ਬਲਾਤਕਾਰ ਅਤੇ ਛੇੜਛਾੜ ਦਾ



ਮੁਕੱਦਮਾ ਉਸ ਤੇ ਵੀ ਚੱਲ ਰਿਹਾ ਹੈ। ਆਪਣੇ ਲੱਖਾਂ ਸ਼ਰਧਾਲੂਆਂ ਦੀ ਦੇਸ਼ ਵਿਦੇਸ਼ ਵਿਚ ਗਿਣਤੀ ਹੋਣ ਵਾਲੇ ਬਾਬੇ ਦੀ ਤਾਮਿਲ ਫ਼ਿਲਮਾਂ ਦੀ ਇਕ ਅਭਿਨੇਤਰੀ ਨਾਲ ਇਤਰਾਜਯੋਗ ਹਾਲਤ ਵਿਚ ਵੀਡੀਉ ਪ੍ਰਚੱਲਤ ਹੋਣ ਤੇ ਬਾਬੇ ਖਿਲਾਫ ਬਲਾਤਕਾਰ, ਝੂਠ ਅਤੇ ਫਰੇਬ ਦਾ ਮੁਕੱਮਦਾ ਦਰਜ ਕੀਤਾ ਗਿਆ ਸੀ। ਬਾਬਾ ਆਪਣੇ ਡੇਰੇ ਤੋਂ ਫਰਾਰ ਹੋ ਗਿਆ ਸੀ ਤੇ ਹਿਮਾਚਲ ਪ੍ਰਦੇਸ਼ ਵਿਚ ਸੋਲਨ ਦੇ ਨਜ਼ਦੀਕ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਮੁਕੱਦਮਾ ਅਜੇ ਚੱਲ ਰਿਹਾ ਹੈ।

**ਸਵਾਮੀ ਭੀਮਾ ਨੰਦ** - ਦਿੱਲੀ ਦੇ ਬਦਰਪੁਰ ਇਲਾਕੇ ਵਿਚ ਲੋਕਾਂ ਨਾਲ ਝੂਠੀਆਂ ਠੱਗੀਆਂ ਮਾਰਨ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤੇ ਸ਼ਿਵ ਮੂਰਤੀ ਦ੍ਵਿਵੇਦੀ ਨਾਮ ਦੇ ਇਕ ਵਿਅਕਤੀ ਦੀ ਜਦ ਪੁਲਿਸ ਨੇ ਸਖ਼ਤੀ ਨਾਲ ਪੜਤਾਲ ਕੀਤੀ ਤਾਂ ਪਤਾ ਚੱਲਿਆ ਕਿ ਇਹ ਸ਼ਿਵ ਨਾਮ ਦਾ ਵਿਅਕਤੀ ਕੋਈ ਹੋਰ ਨਹੀਂ ਸਗੋਂ ਸੈਕਸ ਰੈਕਟ ਚਲਾਉਣ ਵਾਲਾ ਇੱਛਾਧਾਰੀ ਬਾਬਾ



ਸਵਾਮੀ ਭੀਮਾ ਨੰਦ ਹੈ ਜੋ ਕਿ ਪਹਿਲਾਂ ਸੰਨ 2010 ਵਿਚ ਵੀ ਸੈਕਸ ਰੈਕਟ ਚਲਾਉਣ ਅਤੇ ਬਲਾਤਕਾਰ ਦੇ ਕੇਸ ਵਿਚ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ। ਇਹ ਸ਼ਖ਼ਸ਼ ਪਹਿਲਾਂ ਵੀ ਸੰਨ 1997 ਵਿਚ ਲਾਜਪਤ ਨਗਰ ਦਿੱਲੀ ਵਿਚ ਸੈਕਸ ਰੈਕਟ ਚਲਾਉਣ ਦੇ ਇਲਜਾਮ ਵਿਚ ਜੇਲ੍ਹ ਜਾ ਚੁੱਕਾ ਸੀ। ਜਦੋਂ ਕਿ ਦੂਜੀ ਵਾਰ ਇਹ ਆਪਣੀਆਂ ਦੋ ਸਾਥਣਾਂ ਜੋ ਕਿ ਏਅਰ ਹੋਸਟੈਸ ਸਨ 2010 ਵਿਚ ਗ੍ਰਿਫ਼ਤਾਰ ਕੀਤਾ ਗਿਆ। ਸਵਾਮੀ ਬਾਬਾ ਅਜੇ ਜੇਲ੍ਹ ਵਿਚ ਹੀ ਹੈ।

ਅਸਲ ਵਿਚ ਸਾਡਾ ਭਾਰਤ ਦੇਸ਼ ਜੋ ਉੱਚੀਆਂ-ਸੁੱਚੀਆਂ ਪਰੰਪਰਾਵਾਂ, ਤਿਆਗ, ਸਾਦਗੀ ਅਤੇ ਅਧਿਆਤਮਵਾਦ ਨੂੰ ਅੰਦਰ ਤੱਕ ਸਮਝਣ ਵਾਲਾ ਦੇਸ਼ ਮੰਨਿਆ ਗਿਆ ਹੈ ਉਸ ਵਿਚ ਅਜੋਕੇ ਸਮੇਂ ਵਿਚ ਧਰਮ ਦੇ ਨਾਮ ਤੇ ਵਹਿਮ-ਭਰਮ, ਸੋਸ਼ਨ, ਕਰਮਕਾਂਡਾਂ ਵਰਗੀਆਂ ਕੁਰੀਤੀਆਂ ਨੂੰ ਬਲ ਦੇਣ ਵਾਲਿਆਂ ਪਾਖੰਡੀ ਤੇ ਅਖੌਤੀ ਗੁਰੂਆਂ, ਸਵਾਮੀਆਂ ਅਤੇ ਦੰਭੀਆਂ ਦਾ ਜ਼ੋਰ ਵੱਧ ਗਿਆ ਹੈ। ਜਿਸ ਦਾ ਮੁੱਖ ਕਾਰਨ ਲੋਕਾਂ ਦਾ ਭੋਲਾਪਣ ਅਤੇ ਰੋਜਮਰਾ ਦੀਆਂ ਦੁਖ ਤਕਲੀਫਾਂ ਅਤੇ ਪ੍ਰੇਸ਼ਾਨੀਆਂ ਤੋਂ ਕਿਸੇ ਜਾਦੂਈ ਸ਼ਕਤੀ ਨਾਲ ਝੱਟ ਪੱਟ ਨਿਜਾਤ ਪਾਉਣ ਦੀ ਲਾਲਸਾ ਹੈ। ਲੋਕਤੰਤਰੀ ਪ੍ਰਨਾਲੀ ਵਿਚ ਲੋਕਮੱਤ ਦੇ ਰੁਝਾਨ ਨੂੰ ਕਿਸੇ ਇਕ ਪਾਸੇ ਮੋੜ ਦੇਣ ਦੀ ਇਹਨਾਂ ਪਾਖੰਡੀ ਬਾਬਿਆਂ ਦੀ ਸਮਰੱਥਾ ਨੇ ਲੋਕਤੰਤਰੀ ਪ੍ਰਨਾਲੀ ਵਿਚ ਬਰਾਬਰ ਦਾ ਨਿਜਾਮ ਖੜ੍ਹਾ ਕਰ ਲਿਆ ਹੈ। ਜਿਸ ਵਿਚ ਫੈਸਲੇ ਲੋਕਾਂ ਦੇ ਖੁਦ ਦੇ ਨਾ ਹੋ ਕੇ, ਉਨ੍ਹਾਂ ਨੂੰ ਪੁੱਠੇ ਰਸਤਿਆਂ ਲਈ ਰਹਿਣਨੁਮਾਈ ਕਰਨ ਵਾਲੇ ਇਹਨਾਂ ਬਾਬਿਆਂ ਦੇ ਹੱਥ ਵਿਚ ਆ ਗਈ ਹੈ। ਜੋ ਕਿ ਇਕ ਖਤਰਨਾਕ ਰੁਝਾਨ ਹੈ। ਸਿਆਸੀ ਲੀਡਰ ਜਾਂ ਪਾਰਟੀਆਂ ਇਹਨਾਂ ਦੀ ਇਸ ਸ਼ਕਤੀ ਨੂੰ ਆਪਣੇ ਹੱਕ ਵਿਚ ਕਰਨ ਲਈ ਉਹਨਾਂ ਦੇ ਡੇਰਿਆਂ ਦੇ ਚੱਕਰ ਕੱਟਦੇ ਹਨ ਅਤੇ ਤਾਕਤ ਵਿਚ ਆਉਣ ਤੇ ਇਹਨਾਂ ਨੂੰ ਪੂਰਾ ਸਰਕਸ਼ਣ ਦਿੰਦੇ ਹਨ ਅਤੇ ਇਹਨਾਂ ਦੀਆਂ ਗੈਰ ਮਨੁੱਖੀ, ਅਸੱਭਿਅਕ ਤੇ ਗ਼ੈਰ ਇਨਸਾਨੀ ਕਾਰਸਤਾਨੀਆਂ ਨੂੰ ਵੀ ਵੱਧਣ ਫੁਲਣ ਦਾ ਮੌਕਾ ਦਿੰਦੇ ਹਨ ਜਿਸ ਦਾ ਨੰਗਾ ਨਾਚ ਰਾਮਪਾਲ ਅਤੇ ਰਾਮ ਰਹੀਮ ਵਰਗਿਆਂ ਦੀ ਗ੍ਰਿਫ਼ਤਾਰੀ ਵੇਲੇ ਵਾਪਰੇ ਗ਼ੈਰ ਕਾਨੂੰਨੀ ਮੰਜਰ ਵੇਲੇ ਅਸੀਂ ਸਾਰਿਆਂ ਨੇ ਵੇਖ ਲਿਆ ਹੈ।

ਇਹ ਸੱਚਾਈ ਹੈ ਕਿ ਇਹਨਾਂ ਅਖਾਉਤੀ ਬਾਬਿਆਂ ਅਤੇ ਇਹਨਾਂ ਦਾ ਸਿਆਸੀ ਫਾਇਦਾ ਉਠਾਉਣ ਵਾਲੇ ਸਿਆਸੀ ਲੀਡਰਾਂ ਨੇ ਇਹ ਗਰੀਬ ਲੋਕਾਂ ਦੀ ਖ਼ੂਨ ਪਸੀਨੇ ਦੀ ਕਮਾਈ ਨੂੰ ਆਪਣੇ ਮੁਫਾਦ ਲਈ ਵਰਤਿਆ ਹੈ। ਇਨ੍ਹਾਂ ਅਗਿਆਨੀ ਲੋਕਾਂ ਨੂੰ ਇਹ ਧਿਰਾਂ ਆਪਣੇ ਮੁਫਾਦ ਲਈ ਵਰਤਦੀਆਂ ਹਨ। ਚਾਹੇ ਇਹਨਾਂ ਦੀਆਂ ਕਰਤੂਤਾਂ ਤੇ ਪਰਦਾ ਪਾਉਣ ਲਈ ਅਤੇ ਭਾਵੇਂ ਇਹਨਾਂ ਦੀਆਂ ਵੋਟਾਂ ਵਰਤ ਕੇ ਆਪਣਾ ਰਾਜ ਖੜ੍ਹਾ ਕਰਨ ਦੀ ਪ੍ਰਵਿਰਤੀ ਹੋਵੇ ਇਹ ਜਮਾਤਾਂ ਅਤੇ ਬਾਬੇ ਇਹਨਾਂ ਭੋਲੇ ਭਾਲੇ ਲੋਕਾਂ ਨੂੰ ਵਰਤਦੇ ਹਨ ਅਤੇ ਕਈ ਵਾਰ ਰਾਜ ਨਾਲ ਟੱਕਰ ਲੈਣ ਲਈ ਵੀ ਇਹਨਾਂ ਲੋਕਾਂ ਨੂੰ ਜਜ਼ਬਾਤੀ ਕਰਕੇ ਡਾਂਗਾਂ ਅਤੇ ਗੋਲੀਆਂ ਦੇ ਸਾਹਮਣੇ ਡਾਹ ਦਿੱਤਾ ਜਾਂਦਾ ਹੈ। ਤੇ ਇਹਨਾਂ ਦੁਆਰਾ ਮਚਾਏ ਅਪਵਾਦ ਕਾਰਨ ਆਮ ਸ਼ਹਿਰੀ ਦੀ ਜ਼ਿੰਦਗੀ ਖ਼ਤਰੇ ਵਿਚ ਆ ਜਾਂਦੀ ਹੈ। ਉਹ ਲੋਕ ਜਿਨ੍ਹਾਂ ਦਾ ਅਜਿਹੇ ਕਾਰਨਾਮਿਆਂ ਵਿਚ ਦੂਰ ਦਾ ਵਾਸਤਾ ਵੀ ਨਹੀਂ ਹੈ ਉਹਨਾਂ ਦਾ ਵੱਡਾ ਨੁਕਸਾਨ ਹੋ ਜਾਂਦਾ ਹੈ। ਰੋਜਮਰਾ ਦੀਆਂ ਗਤੀਵਿਧੀਆਂ ਰੁਕ ਜਾਂਦੀਆਂ ਹਨ। ਇਸ ਸਾਰੇ ਵਿਚ ਸਿਆਸੀ ਸਰਕਸ਼ਨ ਇਕ ਵੱਡਾ ਸਵਾਲ ਖੜ੍ਹਾ ਕਰਦਾ ਹੈ। ਇਸ ਸਾਰੇ ਨੂੰ ਰੋਕਣ ਲਈ ਜਿਥੇ ਸਾਧਾਰਨ ਲੋਕਾਂ ਨੂੰ ਉਹਨਾਂ ਦੇ ਜੀਵਨ ਦੀਆਂ ਮੁਸ਼ਕਲਾਂ ਨੂੰ ਕਿਸੇ ਜਾਦੂਈ ਢੰਗ ਨਾਲ ਰਾਤੋ ਰਾਤ ਖਤਮ ਕਰਨ ਦਾ ਲਾਰਾ ਲਾਉਣ ਵਾਲੇ ਬਾਬਿਆਂ ਦੇ ਚੁੰਗਲ ਵਿਚੋਂ ਬਚਾਉਣ ਦੀ ਲੋੜ ਹੈ ਉਥੇ ਅਜਿਹੀਆਂ ਸਿਆਸੀ ਜਮਾਤਾਂ ਦਾ ਵੀ ਬਾਈਕਾਟ ਕਰਨ ਦੀ ਜ਼ਰੂਰਤ ਹੈ ਜੋ ਇਕ ਵੱਡੇ ਖਤਰੇ ਨੂੰ ਨਾਂ ਭਾਂਪ ਕੇ ਸੌੜੀ ਸਿਆਸਤ ਕਰਦੀਆਂ ਹਨ।

**ਤਜ਼ਰਬਾ ਹੈ, ਮਿੱਟੀ ਦੀ ਪਕੜ ਮਜ਼ਬੂਤ ਹੁੰਦੀ ਹੈ।**
**ਸੰਗਮਰਮਰ ’ਤੇ ਤਾਂ ਪੈਰ ਫਿਸਲਦੇ ਦੇਖੇ ਨੇ।**

# ਵਾਤਾਵਰਣ ਤੇ ਸਿਹਤ



ਵਾਤਾਵਰਣ ਦੇ ਲਫ਼ਜ਼ੀ ਅਰਥ ਹੁੰਦੇ ਨੇ ਆਲਾ-ਦੁਆਲਾ, ਚੌਗਿਰਦਾ, ਮਾਹੌਲ ਅਰਥਾਤ ਜਿੱਥੇ ਕਿੱਧਰੇ ਵੀ ਜੀਵ ਜੰਤੂ ਰਹਿੰਦੇ ਨੇ ਉੱਥੋਂ ਦਾ ਪੌਣ ਪਾਣੀ, ਰੁੱਖ, ਜੰਗਲ, ਡੋਏ, ਉਪਜ, ਸਨਅਤ ਤੇ ਹੋਰ ਜੋ ਵੀ ਜਾਨਵਰ ਖਾਸ ਕਰਕੇ ਅਤਿ ਵਿਕਸਿਤ ਜੀਵ ਮਨੁੱਖ ਨੇ ਸਿਰਜਿਆ ਏ ਉਹ ਸਾਰਾ ਕੁਝ ਵਾਤਾਵਰਣ ਜਾਂ ਚੌਗਿਰਦਾ ਅਖਵਾਉਂਦਾ ਏ। ਭਾਵੇਂ ਅਸੀਂ ਗੱਲ ਮਨੁੱਖੀ ਸਿਹਤ ਦੀ ਕਰਨੀ ਹੈ ਪਰ ਤੰਦਰੁਸਤੀ, ਰਿਸ਼ਟ-ਪੁਸ਼ਟ ਜਿਸਮ ਦਾ ਮੁੱਦਾ ਸਾਡੇ ਆਲੇ-ਦੁਆਲੇ ਦੇ ਹਾਲਾਤਾਂ ਨਾਲ ਘਿਓ ਖਿੱਚੜੀ ਵਾਂਗ ਜੁੜਿਆ ਹੋਇਆ ਹੈ। ਵਿਦਵਾਨਾਂ, ਸਿਆਣਿਆਂ ਨੇ ਸਿਹਤ ਦੀ ਪਰਿਭਾਸ਼ਾ ਦੇ ਵੀ ਜਿਹੜੇ ਪੰਜ ਪਸਾਰ ਗਿਣੇ ਨੇ ਉਨ੍ਹਾਂ ਵਿਚ ਵਾਤਾਵਰਣ ਦੀ ਅਹਿਮੀਅਤ ਦੂਜੇ ਸਾਰਿਆਂ ਨਾਲੋਂ ਜ਼ਿਆਦਾ ਹੈ। ਕੋਈ ਬੰਦਾ ਭਾਵੇਂ ਕਿੰਨਾਂ ਵੀ ਹੱਟਾ ਕੱਟਾ ਹੋਵੇ ਜੇਕਰ ਉਹ ਪਲੀਤ ਮਾਹੌਲ ਵਿਚ ਰਹਿ ਰਿਹਾ ਹੈ ਤਾਂ ਉਹਦੀ ਸਿਹਤ ਨੇ ਆਖਰਕਾਰ ਪ੍ਰਭਾਵਿਤ ਹੋਣਾ ਈ ਹੋਣਾ ਏ। ਵਿਗਿਆਨੀਆਂ ਦੀ ਸੋਚ ਹੈ ਕਿ ਤੰਦਰੁਸਤੀ ਦੇ ਅਰਥ ਸਿਰਫ਼ ਬਿਮਾਰੀਆਂ ਦੀ ਅਣਹੋਂਦ ਜਾਂ ਰਿਸ਼ਤ-ਪੁਸ਼ਟ ਹੋਣਾ ਈ ਨਹੀਂ ਸਗੋਂ ਇਹਦੇ ਮਾਅਨੇ ਨੇ ਜਿਸਮਾਨੀ, ਸਮਾਜੀ, ਮਾਨਸਿਕ, ਰੂਹਾਨੀ ਤੇ ਚੌਗਿਰਦੇ ਵਾਲੇ ਸਾਰੇ ਪੱਖਾਂ ਤੋਂ ਜਾਗਰੂਕ, ਚੇਤੰਨ, ਜ਼ਿੰਮੇਵਾਰ ਤੇ ਫ਼ਰਜ਼ ਸ਼ਨਾਸ਼ ਹੋਣਾ ਹੈ। ਜੇ ਤੁਸੀਂ ਖੁਦ ਬਿਮਾਰ ਜਾਂ ਰੋਗੀ ਨਹੀਂ ਵੀ ਪਰ ਆਪਣੇ ਘਰ ਦਾ ਗੰਦਾ ਪਾਣੀ ਸੜਕਾਂ-ਗਲੀਆਂ ਵਿਚ ਡੋਲ੍ਹਦੇ ਹੋ ਤੇ ਆਪਣਾ ਕੂੜਾ ਕਰਕਟ ਨਾਲ ਪਏ ਗੁਆਂਢੀਆਂ ਦੇ ਖਾਲੀ ਪਲਾਟ ਵਿਚ ਸੁੱਟਦੇ ਹੋ ਤਾਂ ਤੁਸੀਂ ਕਤਈ ਵੀ ਸਿਹਤਮੰਦ ਨਹੀਂ ਹੋ। ਤੁਸੀਂ ਆਪਣੀਆਂ ਸਮਾਜਿਕ ਜ਼ਿੰਮੇਵਾਰੀਆਂ ਤੋਂ ਕੰਨੀ ਕਤਰਾਉਂਦੇ ਹੋ, ਹਮੇਸ਼ਾ ਢਹਿੰਦੀਆਂ ਕਲਾਂ ਵਿਚ ਰਹਿੰਦੇ ਹੋ, ਤੁਸੀਂ ਆਸ਼ਾਵਾਦੀ ਨਹੀਂ, ਭਲੇ-ਬੁਰੇ ਤੇ ਖਰੇ-ਖੋਟੇ ਦੀ ਤਮੀਜ਼ ਨਹੀਂ ਰੱਖਦੇ, ਹਵਾ ਪਾਣੀ ਤੇ ਮਾਂ ਧਰਤੀ ਦੀ ਕਦਰ ਨਹੀਂ ਕਰਦੇ ਤਾਂ ਵੀ ਤੁਸੀਂ ਸਿਹਤਮੰਦ ਅਖਵਾਉਣ ਦੇ ਹੱਕਦਾਰ ਨਹੀਂ। ਅੱਜ ਨਹੀਂ ਤਾਂ ਕੱਲ ਤੁਸੀਂ ਖੁਦ ਤੇ ਤੁਹਾਡੇ ਅੰਗ ਸਾਕ ਲਾਜ਼ਮੀ ਤੌਰ 'ਤੇ ਕਿਸੇ ਨਾ ਕਿਸੇ ਖਤਰਨਾਕ ਮਾਰੂ ਰੋਗ ਦੇ ਸ਼ਿਕਾਰ ਹੋ ਸਕਦੇ ਹੋ।

**ਜੋਗਿੰਦਰ ਸਿੰਘ ਅਜੈਬ**
**ਆਊਟਲਾਈਨ ਐਡੀਟਰ**
**98152-69145**



ਬੇਸ਼ੱਕ ਵਾਤਾਵਰਣ ਵਿਚ ਸਮੁੱਚੀ ਕਾਇਨਾਤ ਈ ਆ ਜਾਂਦੀ ਹੈ ਪਰ ਅਸੀਂ ਏਨਾਂ ਖਲਾਰਾ ਪਾ ਕੇ ਸਮੇਟ ਨਹੀਂ ਸਕਦੇ ਸੋ ਅਸੀਂ ਗੱਲ ਸਿਰਫ਼ ਆਪਣੀਆਂ ਰਹਿਣ ਥਾਵਾਂ ਤੀਕਰ ਈ ਮਹਿਦੂਦ ਰੱਖਾਂਗੇ। ਇਨਸਾਨੀ ਜੀਵਨ ਦਾ ਆਧਾਰ ਹੀ ਵਾਤਾਵਰਣ ਹੈ। ਲੱਖਾਂ ਕਰੋੜਾਂ ਸਾਲਾਂ ਦੇ ਬ੍ਰਹਿਮੰਡੀ ਇਤਿਹਾਸ ਵਿਚ ਮਨੁੱਖ ਤੇ ਉਸ ਤੋਂ ਪਹਿਲਾਂ ਏਥੇ ਵਿਚਰਦੇ ਜੀਵਾਂ ਦੀ ਹੋਂਦ ਤਾਂ ਹੀ ਸੰਭਵ ਹੋ ਸਕੀ ਜਦੋਂ ਵਾਤਾਵਰਣ ਦੀਆਂ ਹਾਲਤਾਂ ਜੀਣ ਲਈ ਅਨੁਕੂਲ ਹੋਈਆਂ। ਜਿਵੇਂ ਹਵਾ ਵਿਚ ਆਕਸੀਜਨ ਦੀ ਮਿਕਦਾਰ, ਸੂਰਜ ਦੀਆਂ ਜ਼ਹਿਰੀਲੀਆਂ ਕਿਰਨਾਂ ਦੀ ਰੋਕਥਾਮ, ਜੀਵਨ ਦਾ ਮੂਲ ਸ੍ਰੋਤ ਪਾਣੀ, ਰੁੱਖਾਂ-ਜੰਗਲਾਂ ਦੀ ਹਰਿਆਵਲ, ਕੁਦਰਤੀ ਆਫ਼ਤਾਂ ਤੋਂ ਬਚਣ ਦੇ ਢੰਗ, ਅੱਗ ਦੀ ਵਰਤੋਂ ਤੇ ਖਾਣ-ਪੀਣ ਦੀ ਸੂਝ-ਬੂਝ ਜਦੋਂ ਅਸਾਂ ਸਿੱਖ ਲਈ। ਇਹ ਸਾਰਾ ਗਿਆਨ ਸਾਡੀਆਂ ਸਿਹਤਾਂ ਲਈ ਲਾਹੇਵੰਦਾਂ ਸਾਬਤ ਹੋ ਕੇ ਲੱਖਾਂ-ਹਜ਼ਾਰਾਂ ਵਰ੍ਹਿਆਂ ਤੀਕਰ ਸਾਨੂੰ ਤੰਦਰੁਸਤ ਰੱਖਣ ਤੇ ਕੁਦਰਤ ਨਾਲ ਇਕਸੁਰ ਹੋ ਕੇ, ਤਾਲਮੇਲ ਬਿਠਾ ਕੇ ਕੁਦਰਤ ਦਾ ਸਤਿਕਾਰ ਕਰਦਿਆਂ ਭਰਪੂਰ ਜ਼ਿੰਦਗੀਆਂ ਜੀਣ ਦਾ ਆਧਾਰ ਬਣਿਆ।



ਕਹਿੰਦੇ ਨੇ ਵਿਕਾਸ ਤੇ ਵਿਨਾਸ਼ ਦਾ ਆਪਸੀ ਰਿਸ਼ਤਾਬੜਾ ਗੂੜ੍ਹਾ ਏ। ਸਾਡੇ ਵਡੇਰੇ ਜਿਓਂ-ਜਿਓਂ ਅਖਾਉਤੀ

ਵਿਕਾਸ ਦੀਆਂ ਪੌੜੀਆਂ ਚੜ੍ਹਦੇ ਗਏ ਸਾਡੀ ਜਿਸਮਾਨੀ ਸਿਹਤ ਦਾ ਵਿਨਾਸ਼, ਬੀਮਾਰੀਆਂ, ਮਹਾਂਮਾਰੀਆਂ, ਕੁਦਰਤੀ ਆਫ਼ਤਾਂ, ਦੁਰਘਟਨਾਵਾਂ ਹੋਰ ਵੀ ਵੱਧ ਜ਼ੋਰ-ਸ਼ੋਰ ਤੇ ਸ਼ਿੱਦਤ ਨਾਲ ਵਾਪਰਦੀਆਂ ਰਹੀਆਂ। ਅਸਲ ਵਿਚ ਜਦੋਂ ਵੀ ਵਿਕਾਸ ਆਪ ਹੁਦਰੇ ਢੰਗਾਂ, ਤਰੀਕਿਆਂ ਨਾਲ ਅੱਗੇ ਵਧਿਆ ਤਾਂ ਹਸ਼ਰ-ਅਜਾਬ ਦਾ ਦਰ ਅਜਿਹਾ ਖੁੱਲ੍ਹਿਆ ਕਿ ਲੱਖਾਂ ਜਾਨਾਂ ਏਸ ਅਖਾਉਤੀ ਵਿਕਾਸ ਦੀ ਭੇਂਟ ਚੜ੍ਹ ਗਈਆਂ। ਮਨੁੱਖ ਨੇ ਜਦੋਂ ਜੰਗਲ, ਰੁੱਖ ਕੱਟ ਕੇ ਵਾਹੀ ਬੀਜੀ ਸ਼ੁਰੂ ਕੀਤੀ ਤਾਂ ਕਦੀ ਡੋਬਿਆਂ ਤੇ ਕਦੀ ਸੋਕਿਆਂ ਨੇ ਉਹਨੂੰ ਆ ਘੇਰਿਆ। ਜਦੋਂ ਦਰਿਆਵਾਂ ਕੰਢੇ ਬੜੇ ਵੱਡੇ-ਵੱਡੇ ਸ਼ਹਿਰ ਗਿਰਾਂ ਵੱਸ ਗਏ ਤਾਂ ਹੈਜਾ, ਦਸਤ, ਮਰੋੜ ਤੇ ਪਲੇਗ ਵਰਗੀਆਂ ਬੀਮਾਰੀਆਂ ਨੇ ਉਹਨੂੰ ਆਪਣੀ ਜਕੜ ਵਿਚ ਲੈ ਲਿਆ। ਵਗਦੇ ਪਾਣੀਆਂ ਨੂੰ ਜਦੋਂ ਵੀ ਬੇਲੋੜੇ ਬੰਨ੍ਹ ਮਾਰ ਕੇ ਠੱਲ੍ਹਣ ਦੀ ਕੋਸ਼ਿਸ਼ ਕੀਤੀਗਈ ਤਾਂ ਮਲੇਰੀਏ ਤੇ ਪੀਲੀਏ ਵਰਗੇ ਮਾਰੂ ਰੋਗ ਹੱਥ ਧੋ ਕੇ ਪਿੱਛੇ ਪੈ ਗਏ। ਖਾਧ ਖੁਰਾਕ ਦੀ ਘਾਟ, ਵਸੋਂ ਦੇ ਵਾਧੇ ਕਾਰਨ, ਸਾਧਨਾਂ ਸੋਮਿਆਂ ਦੀ ਕਾਣੀ ਵੰਡ ਅਤੇ ਵਿਉਂਤਬੰਦੀ ਦੀ ਘਾਟ ਕਾਰਨ ਜੰਗਾਂ-ਯੁੱਧਾਂ ਤੇ ਉਜਾੜਿਆਂ ਦੇ ਰੂਪ ਵਿਚ ਸਾਨੂੰ ਸਿਹਤ ਦੇ ਪੱਖੋਂ ਮਾਰਾਂ ਪੈਂਦੀਆਂ ਰਹੀਆਂ। ਪਾਣੀ, ਹਵਾ, ਭੋਇੰ ਦੇ ਮੂਲ ਸੋਮਿਆਂ ਨੂੰ ਜਦੋਂ ਅਸੀਂ ਸਿਰਫ਼ ਆਪਣੇ ਵਾਸਤੇ ਹੀ ਰਾਖਵੇਂ ਕਰ ਲਿਆ ਤਾਂ ਕੁਦਰਤ ਦਾ ਸਮਤੋਲ, ਤਵਾਜਨ ਵਿਗੜ ਗਿਆ, ਖੁਰਾਕੀ ਸੰਗਲੀ ਦੀਆਂ ਕੜੀਆਂ ਟੁੱਟ-ਭੱਜ ਗਈਆਂ ਤਾਂ ਸਿੱਟੇ ਅੱਤ ਭਿਆਨਕ ਅਤੇ ਮਾਰੂ ਨਿਕਲੇ। ਦੁਨੀਆਂ ਦੇ ਇਤਿਹਾਸ ਵਿਚ ਜਿੰਨੀਆਂ ਵੀ ਪਲੇਗਾਂ, ਹੈਜਾ, ਤਪਦਿਕ, ਪੀਲੀਆ, ਫਲੂ, ਲਿੰਗਕ ਰੋਗ ਤੇ ਚਮੜੀ ਦੀਆਂ ਬੀਮਾਰੀਆਂ ਦਾ ਵੱਡੀ ਪੱਧਰ ਤੇ ਫੈਲਣ ਦਾ ਜ਼ਿਕਰ ਮਿਲਦਾ ਏ ਉਹਦੇ ਪਿਛੋਕੜ ਵਿਚ ਮਨੁੱਖ ਵੱਲੋਂ ਕੁਦਰਤ ਦੀਆਂ ਨੇਹਮਤਾਂ ਦੀ ਕੁਵਰਤੋਂ ਤੇ ਦੁਰਵਰਤੋਂ ਤੋਂ ਸਿਵਾ ਹੋਰ ਕੁਝ ਵੀ ਨਹੀਂ।

ਵਾਤਾਵਰਣ ਸਿੱਧੇ ਅਤੇ ਅਸਿੱਧੇ ਤੌਰ 'ਤੇ ਮਨੁੱਖੀ ਸਿਹਤ 'ਤੇ ਅਸਰ ਪਾਉਂਦੇ ਰਹਿੰਦਾ ਏ। ਤੇਜ਼ ਗਰਮੀ, ਕੜਾਕੇਦਾਰ ਠੰਢ, ਬੇਹੱਦ ਸਿੱਲ੍ਹਾ ਮੌਸਮ, ਔੜ ਤੇ ਸੋਕਾ, ਹੜ੍ਹ, ਝੱਖੜ, ਹਨੇਰੀਆਂ ਦੇ ਸਿਹਤ ਉੱਤੇ ਪੈਣ ਵਾਲੇ ਪ੍ਰਭਾਵਾਂ ਤੋਂ ਅਸੀਂ ਸਾਰੇ ਜਾਣੂੰ ਹਾਂ। ਰੁੱਖਾਂ-ਜੰਗਲਾਂ ਦੀ ਅਣਹੋਂਦ, ਧੂੰਆਂ, ਘੱਟਾ-ਮਿੱਟੀ, ਜ਼ਹਿਰੀਲੀਆਂ ਗੈਸਾਂ, ਕਾਰਖਾਨਿਆਂ ਵਿਚੋਂ ਰਿਸਦੇ ਰਸਾਇਣਕ ਪਦਾਰਥ ਸਾਡੀ ਤੰਦਰੁਸਤੀ ਦਾ ਮਲੀਆ ਮੇਟ ਕਰ ਰਹੇ ਹਨ। ਘਰਾਂ, ਹਸਪਤਾਲਾਂ, ਸਕੂਲਾਂ, ਦਫ਼ਤਰਾਂ, ਦੁਕਾਨਾਂ, ਵਪਾਰਕ ਅਦਾਰਿਆਂ ਤੇ ਸਨਅਤੀ ਇਲਾਕਿਆਂ ਦਾ ਆਪੋ-ਆਪਣਾ ਅੱਡੋ-ਅੱਡ ਵਾਤਾਵਰਣ ਹੁੰਦਾ ਏ। ਉਹਦੇ ਪਲੀਤ ਹੋਣ ਨਾਲ ਮਨੁੱਖੀ ਸਿਹਤ ਵਿਚ ਅਨੇਕਾਂ ਵਿਗਾੜ ਪੈ ਸਕਦੇ ਨੇ। ਖੇਤੀਬਾੜੀ, ਪਸ਼ੂਪਾਲਣ, ਖੇਤੀ ਨਾਲ ਸੰਬੰਧਤ ਹੋਰ ਧੰਦੇ ਵੀ ਸਿਹਤ ਤੇ ਅਸਰ ਅੰਦਾਜ਼ ਹੁੰਦੇ ਨੇ। ਫ਼ਿਕਰ, ਚਿੰਤਾ, ਡਰ, ਭੱਜ-ਦੌੜ ਵਾਲਾ ਤੇ ਹਿੰਸਕ ਮਾਹੌਲ ਵੀ ਸਾਨੂੰ ਮਾਨਸਿਕ ਤੌਰ 'ਤੇ ਬਿਮਾਰ ਕਰ ਸਕਦਾ ਏ।

ਅਖਾਉਤੀ ਹਰੇ ਇਨਕਲਾਬ ਤੋਂ ਬਾਅਦ ਪੰਜਾਬੀਆਂ ਦੀ ਸਿਹਤ ਉੱਤੇ ਪਏ ਪ੍ਰਤੱਖ ਅਸਰ ਸਾਹਮਣੇ ਆਏ ਨੇ ਜਿਨ੍ਹਾਂ ਦਾ ਸਿੱਧਾ ਸਬੰਧ ਵਾਤਾਵਰਣ ਦੀ ਪਲੀਤੀ ਨਾਲ ਜੁੜਿਆ ਹੋਇਆ ਏ। ਕੀੜੇਮਾਰ ਦਵਾਈਆਂ, ਰਸਾਇਣਕ ਖਾਦਾਂ, ਦੋਗਲੇ ਬੀਜਾਂ ਦੀ ਵਰਤੋਂ ਵੱਡੀ ਪੱਧਰ ਉੱਤੇ 1970 ਤੋਂ ਬਾਅਦ ਸ਼ੁਰੂ ਹੋਈ। ਇਹ ਅਸਲ ਵਿਚ ਰਸਾਇਣਕ ਜ਼ਹਿਰਾਂ ਹਨ ਜਿਹੜੀਆਂ ਕੁਝ ਉੱਡ ਕੇ ਹਵਾ ਵਿਚ ਰਲ ਜਾਂਦੀਆਂ ਨੇ, ਕੁਝ ਹਿੱਸਾ ਪੌਦਿਆਂ ਦੀਆਂ ਜੜ੍ਹਾਂ-ਪੱਤਿਆਂ ਰਾਹੀਂ ਬੂਟਿਆਂ ਦੇ ਫਲਾਂ, ਅਨਾਜਾਂ, ਸ਼ਬਜ਼ੀਆਂ, ਦਾਲਾਂ ਦੇ ਦਾਣਿਆਂ ਵਿਚ ਚਲਾ ਜਾਂਦਾ ਹੈ। ਬਚਦਾ ਜ਼ਮੀਨ ਵਿਚ ਜ਼ੀਰ ਕੇ, ਜਜ਼ਬ ਹੋ



ਕੇ ਧਰਤੀ ਹੇਠਲੇ ਪਾਣੀ ਤੀਕਰ ਪਹੁੰਚ ਜਾਂਦਾ ਹੈ। ਏਸ ਪਾਣੀ ਤੱਕ ਪੁੱਜਣ ਲਈ 20-25 ਸਾਲ ਦਾ ਸਮਾਂ ਦਰਕਾਰ ਹੁੰਦਾ ਏ। ਇਨ੍ਹਾਂ ਰਸਾਇਣਕ ਜ਼ਹਿਰਾਂ ਦੀ ਮਿਕਦਾਰ ਮਨੁੱਖੀ ਸਰੀਰਾਂ ਲਈ ਨੁਕਸਾਨਦੇਹ ਸਾਬਤ ਹੋ ਸਕਦੀ ਏ। ਅਨਾਜ, ਫਲ, ਸਬਜ਼ੀਆਂ, ਸਾਗ ਤੇ ਚਾਰੇ ਉੱਤੇ ਸਿੱਧੇ ਰੂਪ ਵਿਚ ਅਸਰ ਕਰਦੀਆਂ ਨੇ। ਪਸ਼ੂਆਂ ਦੇ ਚਾਰੇ ਤੇ ਵੰਡ ਦੇ ਵਿਚ ਰਚੀਆਂ ਇਹ ਜ਼ਹਿਰਾਂ ਦੁੱਧ ਵਿਚ ਅੱਪੜ ਜਾਂਦੀਆਂ ਨੇ। ਇਵੇਂ ਈ ਮੁਰਗੀਆਂ ਦੀ ਖੁਰਾਕ ਵਿਚਲੇ ਰਸਾਇਣਕ ਜ਼ਹਿਰੀਲੇ ਪਦਾਰਥ ਆਂਡਿਆਂ ਅਤੇ ਮੀਟ ਵਿਚ ਚਲੇ ਜਾਂਦੇ ਨੇ। ਏਥੋਂ ਤੀਕਰ ਕਿ ਪੰਜਾਬਣ ਮਾਵਾਂ ਦੇ ਦੁੱਧ ਵਿਚ ਵੀ ਰਸਾਇਣਕ ਪਦਾਰਥਾਂ ਦੀ ਮਿਕਦਾਰ ਹੱਦ ਨਾਲੋਂ 50 ਗੁਣਾ ਤੀਕਰ ਵੱਧ ਗਈ ਏ। ਜਿਹੜੀਆਂ ਗੋਲੀਆਂ ਦਾਲਾਂ-ਅਨਾਜ ਨੂੰ ਸੁੱਸਰੀ ਢੋਰੇ ਤੋਂ ਬਚਾਉਣ ਲਈ ਡਰੱਮਾਂ ਵਿਚ ਰੱਖੀਆਂ ਜਾਂਦੀਆਂ ਨੇ ਉਹ ਵੀ ਸਾਡੀ ਖੁਰਾਕ ਕੜੀ ਵਿਚ ਦਾਖਲ ਹੋ ਜਾਂਦੀਆਂ ਨੇ। ਸਾਡੀਆਂ ਸਬਜ਼ੀਆਂ, ਦੁੱਧ, ਦਹੀਂ, ਖੋਆ, ਪਨੀਰ, ਮੀਟ,ਫਲ, ਅਨਾਜ, ਮਠਿਆਈਆਂ, ਗੱਲ ਕੀ ਸਾਰੇ ਦੇ ਸਾਰੇ ਖਾਣ ਵਾਲੇ ਪਦਾਰਥ ਪ੍ਰਦੂਸ਼ਣ ਦੀ ਮਾਰ ਹੇਠ ਆ ਕੇ ਸਿਹਤਾਂ ਖਰਾਬ ਕਰਨ ਲਈ ਜ਼ਿੰਮੇਵਾਰ ਨੇ।

ਹਵਾ ਜਿਸ ਵਿਚ ਸਾਡੇ ਲਈ ਕੁਦਰਤ ਦੀ ਅਨਮੋਲ ਦਾਤ 'ਆਕਸੀਜਨ' ਜੀਵਨ ਦੀ ਮੁੱਢਲੀ ਲੋੜ ਹੈ ਦੇ ਦੂਸ਼ਿਤ ਹੋਣ ਕਾਰਨ ਜ਼ਹਿਰੀਲੀ ਹੋ ਚੁੱਕੀ ਏ। ਨਾਈਟਰੋਜਨ ਤੇ ਸਲਫਰ ਦੀਆਂ ਜ਼ਹਿਰੀਲੀਆਂ ਗੈਸਾਂ ਜਿਨ੍ਹਾਂ ਦਾ ਸ੍ਰੋਤ ਮੋਟਰ-ਗੱਡੀਆਂ, ਕਾਰਖਾਨੇ, ਖਾਦਾਂ ਤੇ ਕੀਟਨਾਸ਼ਕ ਆਦਿ ਹਨ ਕਾਰਨ- ਸਾਡੇ ਫੇਫੜੇ, ਅੱਖਾਂ, ਜਿਗਰ ਤੇ ਦਿਲ ਉੱਤੇ ਅਸਰ ਪਾ ਰਹੀਆਂ ਨੇ। ਪਿਛਲੇ ਸਮੇਂ ਵਿਚ ਚਮੜੀ ਰੋਗਾਂ ਅਤੇ ਅਲਰਜੀ ਵਾਲੀਆਂ ਬੀਮਾਰੀਆਂ ਦੇ ਵਾਧੇ ਦਾ ਇਕ ਵੱਡਾ ਕਾਰਨ ਪ੍ਰਦੂਸ਼ਤਹਵਾ ਹੈ। ਪ੍ਰਦੂਸ਼ਣ ਤੇ ਵਾਤਾਵਰਣ ਦਾ ਗੰਧਲਾਪਣ, ਵਿਗਿਆਨਕ ਵਸਤਾਂ ਦੀ ਅਣਵਿਗਿਆਨਕ ਵਰਤੋਂ ਕਾਰਨ ਧਰਤੀ ਨੂੰ ਬੰਜਰ ਈ ਨਹੀਂ ਕਰ ਰਿਹਾ ਸਗੋਂ ਰਸਾਇਣਕ ਕਾਰਨਾਂ ਕਰਕੇ ਮਿੱਟੀ ਦੀ ਤਾਸੀਰ ਈ ਬਦਲੀ ਜਾ ਰਿਹਾ ਹੈ। ਸਾਨੂੰ ਚੀਚ ਵਹੁਟੀਆਂ, ਗੰਡੋਏ, ਡੱਡੂ ਤੇ ਅਨੇਕਾਂ ਜੀਵ-ਜੰਤੂਆਂ ਦੀ ਅਲੋਪ ਹੋਣ ਦੀ ਦਰ ਤੋਂ ਚੌਕੰਨੇ ਹੋ ਜਾਣਾ ਚਾਹੀਦਾ ਏ- ਕਿਧਰੇ ਆਦਮ ਦੀ ਜਾਤ ਦਾ ਹਸ਼ਰ ਵੀ ਉਨ੍ਹਾਂ ਵਾਲਾ ਈ ਹੋਣ ਵਾਲਾ ਤੇ ਨਹੀਂ!

ਨਿੱਘ, ਗਰਮੀ ਤੇ ਜੀਵਨ ਦਾ ਇਕ ਹੋਰ ਸੋਮਾ ਧੁੱਪ ਵੀ ਵਾਤਾਵਰਣ ਦੇ ਪਲੀਤੇ ਹੋਣ ਕਾਰਨ ਸਾਡੇ ਜਿਸਮਾਂ ਲਈ ਖਤਰਨਾਕ ਬਣਦੀ ਜਾ ਰਹੀ ਏ। ਜ਼ਹਿਰੀਲੀਆਂ ਗੈਸਾਂ ਕਾਰਨ ਹਵਾ ਦੀ ਬਣਤਰ ਬਦਲ ਰਹੀ ਹੈ ਤੇ ਸੂਰਜ

ਦੀਆਂ ਜ਼ਹਿਰੀ ਕਿਰਨਾਂ ਤੋਂ ਬਚਾਉਣ ਵਾਲੀ ਓਜ਼ੋਨ ਛਤਰੀ ਵਿਚ ਸਾਡੀ ਖ਼ੁਦਗਰਜ਼ ਨਸਲ ਨੇ ਮਘੋਰੇ ਕਰਕੇ ਚਮੜੀ ਦੇ ਕੈਂਸਰ, ਅੱਖਾਂ ਤੇ ਖ਼ੂਨ ਦੀਆਂ ਬੀਮਾਰੀਆਂ ਨੂੰ ਨਿਉਂਦਾ ਦੇ ਦਿੱਤਾ ਏ। ਇਨਫਰਾ ਰੈਡ ਤੇ ਅਲਟਰਾ ਵਾਇਓਲਿਟ ਕਿਰਨਾਂ ਬਿਨਾਂ ਕਿਸੇ ਰੋਕ ਟੋਕ ਤੋਂ ਸਾਡੀਆਂ ਸਿਹਤਾਂ ਨੂੰ ਵਿਗਾੜ ਰਹੀਆਂ ਨੇ।

ਪੰਜਾਬ ਵਿਚ ਈ ਜੇਕਰ ਪਿਛਲੇ ਸਿਰਫ਼ ਤੀਹ ਕੁ ਸਾਲਾਂ ਦੇ ਸਮੇਂ ’ਤੇ ਈ ਝਾਤੀ ਮਾਰੀਏ ਤਾਂ ਵਾਤਾਵਰਣ ਦੇ ਪ੍ਰਦੂਸ਼ਿਤ ਹੋਣ ਕਾਰਨ ਸ਼ੂਗਰ, ਹਰ ਕਿਸਮ ਦੇ ਕੈਂਸਰ, ਪੀਲੀਏ, ਗੁਰਦੇ ਦੀਆਂ ਬੀਮਾਰੀਆਂ, ਚਮੜੀ ਰੋਗ, ਸਾਹ ਵਾਲੀਆਂ ਬੀਮਾਰੀਆਂ, ਅਲਰਜੀ, ਦਮਾ, ਬਲੱਡ ਪ੍ਰੈਸ਼ਰ, ਅੱਖਾਂ, ਕੰਨਾਂ ਤੇ ਗਲ ਦੇ ਰੋਗਾਂ ਦਾ ਜਿਵੇਂ ਹੜ੍ਹ ਈ ਆ ਗਿਆ ਹੋਵੇ। ਸ਼ੋਰ ਜਾਂ ਰੌਲੇ-ਰੱਪੇ ਨੇ ਸਿਰਫ਼ ਕੰਨਾਂ ’ਤੇ ਈ ਅਸਰ ਨਹੀਂ ਪਾਇਆ ਸਗੋਂ ਅਸੀਂ ਉੱਚੀ ਬੋਲਣ ਦੇ ਆਦੀ ਹੋ ਕੇ ਆਪਣੇ ਗਲੇ ਵੀ ਖਰਾਬ ਕਰ ਰਹੇ ਹਾਂ। ਮਾਨਸਿਕ ਤੌਰ ਉੱਤੇ ਡੌਰ ਭੌਰ ਹੋ ਕੇ ਆਪਣੀ ਸੋਚਣ ਸ਼ਕਤੀ ਵੀ ਗਵਾ ਰਹੇ ਹਾਂ। ਦਿਮਾਗ਼ੀ ਬਿਮਾਰੀਆਂ ਵਿਚ ਵੀ ਬੇਹੱਦ ਵਾਧਾ ਹੋ ਰਿਹਾ ਹੈ।

ਵਾਤਾਵਰਣ ਦੇ ਗੰਧਲੇਪਣ ਦਾ ਕਾਰਨ ਭਾਵੇਂ ਸਾਡੀਆਂ ਭੋਗਵਾਦੀ ਰੁਚੀਆਂ ਨੂੰ ਈ ਮੰਨਿਆ ਜਾ ਰਿਹਾ ਹੈ ਪਰ ਅਸਲ ਵਿਚ ਧਨਵਾਨ ਮੁਲਕਾਂ, ਵੱਡੀਆਂ-ਵੱਡੀਆਂ ਕੌਮਾਂਤਰੀ ਵਪਾਰਕ ਕਾਰਪੋਰੇਸ਼ਨਾਂ, ਖੋਹ ਖਿੰਝ ਵਾਲੇ ਨਿਜ਼ਾਮ ਤੇ ਸਾਇੰਸ ਦੀ ਕੁਵਰਤੋਂ ਇਹਦਾ ਪਿਛੋਕੜ ਏ। ਮਨੁੱਖ ਸਿਰਫ਼ ਆਪਣੇ-ਆਪ ਤੋਂ ਅਗਾਂਹ ਵੇਖਣ ਤੋਂ ਮੁਨਕਰ ਹੋ ਕੇ ਸਮੁੱਚੇ ਮਨੁੱਖੀ ਭਾਈਚਾਰੇ, ਜੀਵ-ਜੰਤੂਆਂ ਦੀ ਦੁਨੀਆਂ ਤੇ ਕਾਇਨਾਤ ਦਾ ਮੁੱਲਵਾਨ ਤੇ ਸੂਝ-ਸਮਝ ਵਾਲਾ ਹਿੱਸਾ ਬਨਣ ਦੀ ਥਾਂ ਉਹਦੇ ਉੱਤੇ ਆਪਣੀ ਸਿੱਕਦਾਰੀ ਕਾਇਮ ਕਰਨ ਦੇ ਆਹਰ ਵਿਚ ਲੀਹੋਂ ਲੱਥ ਗਿਆ ਹੈ। ਉਹ ਆਪਣੀ ਸਿਹਤ ਦੀ ਬੇਹਤਰੀ ਤੇ ਵਿਕਾਸ ਨੂੰ ਭੁੱਲ ਕੇ ਤਬਾਹੀ ਵਾਲੇ ਰਾਹੇ ਤੁਰ ਪਿਆ ਹੈ।

ਸਿਹਤ ਸੰਭਾਲ ਲਈ ਇਹ ਗੱਲ ਮਨ ਵਿਚ ਵਸਾ ਲੈਣੀ ਅਤਿਅੰਤ ਜ਼ਰੂਰੀ ਹੈ ਕਿ ਜਿਓਂ-ਜਿਓਂ ਅਸੀਂ ਕੁਦਰਤ ਤੋਂ ਦੂਰ ਹੁੰਦੇ ਚਲੇ ਜਾਵਾਂਗੇ, ਮਿੱਟੀ ਨਾਲੋਂ, ਹਵਾ ਨਾਲੋਂ, ਧੁੱਪ ਨਾਲੋਂ ਸਾਕਾਦਾਰੀ ਤੋੜਦੇ ਰਵ੍ਹਾਂਗੇ ਸਾਨੂੰ ਰੋਗਾਂ, ਜ਼ਹਿਮਤਾਂ, ਬਿਮਾਰੀਆਂ ਦੀਆਂ ਡੂੰਘੀਆਂ ਖਾਈਆਂ ਵਿਚ ਡਿੱਗਣ ਤੋਂ ਕੋਈ ਰੋਕ ਨਹੀਂ ਸਕਦਾ। ਵਾਤਾਵਰਣ ਨੂੰ ਗੰਧਲਾ ਕਰਕੇ, ਕੁਦਰਤ ਨਾਲ ਛੇੜਛਾੜ ਕਰਕੇ, ਅਸੀਂ ਓਹੋ ਈ ਟਾਹਣ ਵੱਢ ਰਹੇ ਆਂ ਜਿਥੇ ਸਾਡਾ ਆਲ੍ਹਣਾ ਏ। ਆਪਣੀ ਸਿਹਤ ਦੀ ਬੇਹਤਰੀ ਲਈ ਸਾਨੂੰ ਗੱਲਾਂ ਨਾਲੋਂ ਵੱਧ ਅਮਲੀ ਤੌਰ ’ਤੇ ਮੈਦਾਨ ਵਿਚ ਨਿਤਰਨਾ ਪੈਣਾ ਏ। ਰੁੱਖਾਂ, ਜੰਗਲਾਂ ਹੇਠ ਰਕਬੇ ਦਾ ਵਾਧਾ ਭਾਵੇਂ ਸਾਡੀ ਲੋੜ ਏ ਪਰ ਬਿਰਛਾਂ ਨਾਲ ਰਿਸ਼ਤੇਦਾਰੀ ਪੁਨਰ ਜੀਵਤ ਕਰਕੇ ਆਪਣੀ ਧਰਤੀ ਨੂੰ ਈ ਹਰਿਆ ਭਰਿਆ ਨਹੀਂ ਕਰਾਂਗੇ ਸਗੋਂ ਜਾਨਵਰਾਂ ਦੀਆਂ ਰਿਹਾਇਸ਼ ਗਾਹਵਾਂ, ਦਰਿਆਵਾਂ, ਨਾਲਿਆਂ, ਪਹਾੜਾਂ, ਮੈਦਾਨਾਂ ਨੂੰ ਵੀ ਸਿਹਤਮੰਦ ਰੱਖ ਰਹੇ ਹੋਵਾਂਗੇ। ਸਾਡੇ ਬਾਬੇ ਆਖ ਗਏ ਨੇ-

**ਪਵਣ ਗੁਰੂ ਪਾਣੀ ਪਿਤਾ ਮਾਤਾ ਧਰਤ ਮਹੁਤ।**
**ਦਿਵਸ ਰਾਤ ਦੋਇ ਦਾਈ ਦਾਇਆ ਖੇਲੈ ਸਗਲ ਜਗਤੁ॥**

ਵਾਤਾਵਰਣ ਵਿਚ ਵਾਪਰ ਰਹੀਆਂ ਤਬਦੀਲੀਆਂ ਸਾਨੂੰ ਏਡਜ਼, ਵਾਇਰਸ ਰੋਗ, ਹੈਪਾਟਾਈਟਸ ਕੈਂਸਰ, ਤਪਦਿਕ ਵਰਗੇ ਅਤਿ ਭਿਆਨਕ ਰੋਗਾਂ ਵੱਲ ਬੜੇ ਜ਼ੋਰ-ਸ਼ੋਰ ਨਾਲ ਧੱਕ ਰਹੀਆਂ ਨੇ। ਅਸਾਂ ਆਪ ਈ ਜੀਣਾ ਤੇ ਸਿਹਤਮੰਦ ਨਹੀਂ ਰਹਿਣਾ, ਨਾਲੋ-ਨਾਲ ਸਮੁੱਚੇ ਜਲ-ਥਲ ਦੇ ਜੀਵਾਂ, ਪਸ਼ੂ-ਪੰਛੀਆਂ, ਡੱਡੂਆਂ-ਮੱਛੀਆਂ ਨੂੰ ਜੀਣ ਦੇਣਾ ਹੈ। ਇਹ ਤਾਂ ਈ ਸੰਭਵ ਹੋ ਸਕੇਗਾ ਜੇ ਅਸਾਂ ਮਾਂ ਧਰਤੀ ਦਾ ਆਦਰ-ਸਤਿਕਾਰ ਕਰਦਿਆਂ ਹੋਇਆਂ, ਆਪਣੀਆਂ ਭੋਗਵਾਦੀ ਰੁਚੀਆਂ ਨੂੰ ਲਗਾਮ ਦੇ ਕੇ ਰੱਖਦਿਆਂ ਹੋਇਆਂ ਏਸ ਸੁਹਾਵੀ ਧਰਤ ਨੂੰ ਸਰਬਤ ਦੇ ਭਲੇ ਲਈ ਤੇ ਸਿਹਤਮੰਦ ਵਸੇਬੇ ਲਈ ਸਾਂਭ ਕੇ ਰੱਖਾਂਗੇ।

# ਅਪੀਲ

**ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰਿਆਂ ਸੱਜਣਾਂ ਨੂੰ ‘ਲੁਬਾਣਾ ਸੇਵਕ’ ਮੈਗਜ਼ੀਨ ਸਮੇਂ ਸਿਰ ਪ੍ਰਾਪਤ ਨਹੀ ਹੁੰਦਾ। ਇਸ ਕਰਕੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪੂਰੇ ਪਤੇ ਸਮੇਤ ਆਪਣੇ ਇਲਾਕੇ ਦੇ ਡਾਕਖਾਨੇ ਦਾ ਪਿੰਨ ਕੋਡ, ਫੋਨ, ਈਮੇਲ ਜਾਂ ਡਾਕ ਰਾਹੀਂ ਦਫਤਰ ਵਿਚ ਸੂਚਿਤ ਕਰੋ ਜੀ।**

**ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30-ਏ, ਚੰਡੀਗੜ੍ਹ 160030**
**ਫੋਨ ਨੰ.-0172-2657340, E-mail : lobanafoundation@gmail.com**

**ਪ੍ਰਧਾਨ**
**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

**ਲੁਬਾਣਾ ਸੇਵਕ ਦੇ ਪਾਠਕ ਅਤੇ ਸਮੂਹ ਫਾਊਂਡੇਸ਼ਨ ਮੈਂਬਰ bmslchd.org & lobanafoundation.org ਵੈੱਬਸਾਈਟ ’ਤੇ ਵੀ ਹਰ ਮਹੀਨੇ ਦਾ ਲੁਬਾਣਾ ਸੇਵਕ ਮੈਗਜ਼ੀਨ ਪੜ੍ਹ ਸਕਦੇ ਹਨ।**

# ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੀਆਂ ਗਤੀਵਿਧੀਆਂ

## ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ, (ਰਜਿ:) ਸੈਕਟਰ-30 ਏ, ਚੰਡੀਗੜ੍ਹ ਦੀ

## ਸਤੰਬਰ ਮਹੀਨੇ ਦੀ ਕਾਰਗੁਜਾਰੀ ਦੀ ਰਿਪੋਰਟ

***ਜਨਰਲ ਸਕੱਤਰ ਦੀ ਕਲਮ ਤੋਂ*.....**



**ਵਰਕਿੰਗ ਕਮੇਟੀ ਦੀ ਮੀਟਿੰਗ** :- ਵਰਕਿੰਗ ਕਮੇਟੀ ਦੀ ਮੀਟਿੰਗ ਮਿਤੀ-09-09-2017 ਨੂੰ ਬੜੀ ਸ਼ਾਂਤੀਪੂਰਵਕ ਅਤੇ ਸੁਚਾਰੂ ਢੰਗ ਨਾਲ ਹੋਈ। ਜਿਸ ਵਿਚ ਨਵੇਂ ਬਣੇ ਮੈਂਬਰਾਂ ਦੀ ਪ੍ਰਵਾਨਗੀ ਲਈ ਗਈ। ਪ੍ਰਧਾਨ ਜੀ ਵਲੋਂ ਵਰਕਿੰਗ ਕਮੇਟੀ ਦੇ ਮੈਂਬਰਾਂ ਦੇ ਧਿਆਨ ਵਿਚ ਲਿਆਂਦਾ ਕਿ ਰਿਜ਼ਨਲ ਪ੍ਰਧਾਨ ਤੋਂ 5 ਮੈਂਬਰੀ ਕਮੇਟੀ ਬਣਵਾ ਦਿੱਤੀਆਂ ਹਨ। ਸਬ-ਕਮੇਟੀਆਂ ਨੂੰ ਪੱਤਰ ਰਾਹੀਂ ਮੈਨੇਜਮੈਂਟ ਵੱਲੋਂ ਬੇਨਤੀ ਕੀਤੀ ਹੈ ਕਿ ਮੈਰਿਟ-ਕੰਮ-ਮੀਨਜ਼ ਸ਼ਕਾਲਰਸ਼ਿਪ ਸਕੀਮ ਲਈ ਆਪਣੇ ਰੀਜਨ ਵਿਚ ਉਪਰਾਲੇ ਕਰਨ ਅਤੇ ਹੁਸ਼ਿਆਰ ਤੇ ਜ਼ਰੂਰਤਮੰਦ ਵਿਦਿਆਰਥੀਆਂ ਦੇ ਫਾਰਮ ਭਰਵਾ ਕੇ ਭੇਜਣ ਅਤੇ ਮਨਿਆਰਿਟੀ ਕਮਿਊਨਿਟੀ ਸ਼ਕਾਲਰਸ਼ਿਪ ਸਕੀਮ ਬਾਰੇ ਵੀ ਹੁਸ਼ਿਆਰ ਵਿਦਿਆਰਥੀਆਂ ਨੂੰ ਗਾਈਡ ਕਰਨ ਅਤੇ ਉਨ੍ਹਾਂ ਨੂੰ ਵੱਧ ਤੋਂ ਵੱਧ ਲਾਭ ਲੈਣ ਲਈ ਉਪਰਾਲੇ ਕਰਨ। ਵਿੱਤ ਸਕੱਤਰ ਵਲੋਂ ਜੁਲਾਈ ਤੇ ਅਗਸਤ ਮਹੀਨੇ ਦੇ ਆਮਦਨ ਤੇ ਖਰਚੇ ਬਾਰੇ ਦੱਸਿਆ ਗਿਆ। ਇਸ ਉਪਰੰਤ ਪ੍ਰਧਾਨ ਜੀ ਵਲੋਂ ਮੈਂਬਰ ਸਾਹਿਬਾਨ ਨੂੰ 351ਵਾਂ ਗੁਰੂ ਲਾਧੋ ਰੇ ਦਿਵਸ ਬੜੀ ਹੀ ਸ਼ਰਧਾਪੂਰਵਕ ਮਨਾਉਣ ਬਾਰੇ ਦੱਸਿਆ ਗਿਆ ਅਤੇ ਇਹ ਵੀ ਕਿਹਾ ਕਿ ਇਸ ਪ੍ਰੋਗਰਾਮ ਲਈ ਮੈਂਬਰ ਆਪਣਾ ਮਾਇਕ ਸਹਿਯੋਗ ਵੀ ਦੇਣ। ਹਾਜ਼ਰ ਮੈਂਬਰਾਂ ਨੇ ਆਪਣੀ ਸ਼ਰਧਾ ਮੁਤਾਬਿਕ ਸੇਵਾ ਲਿਖਵਾ ਦਿੱਤੀ ਜਿਨ੍ਹਾਂ ਵਿਚੋਂ ਬਹੁਤੇ ਮੈਂਬਰਾਂ ਨੇ ਸੇਵਾ ਭੇਜ ਦਿੱਤੀ ਹੈ। ਜਿਹੜੇ ਮੈਂਬਰ ਰਹਿ ਗਏ ਹਨ ਉਨ੍ਹਾਂ ਨੂੰ ਬੇਨਤੀ ਕੀਤੀ ਹੈ ਕਿ ਆਪਣੀ ਸੇਵਾ ਜਮ੍ਹਾ ਕਰਵਾ ਕੇ ਰਸੀਦ ਪ੍ਰਾਪਤ ਕਰ ਲੈਣ। ਜਿਹੜੇ ਮੈਂਬਰ ਹਾਜ਼ਰ ਨਹੀਂ ਸਨ ਉਨ੍ਹਾਂ ਨੂੰ ਵੀ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਵੀ ਸੇਵਾ ਭੇਜ ਕੇ ਲਾਭ ਪ੍ਰਾਪਤ ਕਰਨ।

**ਡਰਾਮਾ ਐਂਡ ਸਾਊਂਡ ਪ੍ਰੋਗਰਾਮ ਮਨਾਉਣ ਬਾਰੇ** :- ਵਰਕਿੰਗ ਕਮੇਟੀ ਦੀ ਮੀਟਿੰਗ ਵਿਚ ਪ੍ਰਧਾਨ ਜੀ ਵਲੋਂ ਇਹ ਵੀ ਦੱਸਿਆ ਗਿਆ ਕਿ ਬਾਬਾ ਮੱਖਣ ਸਾਹ ਲੁਬਾਣਾ ਫਾਊਂਡੇਸ਼ਨ ਦੀ ਮੈਨੇਜਮੈਂਟ ਵਲੋਂ RSMA Entreprises, Mohali ਦੁਆਰਾ ਬਾਬਾ ਮੱਖਣ ਸਾਹ ਲੁਬਾਣਾ ਤੇ ਆਧਾਰਿਤ ਡਰਾਮਾ ਐਂਡ ਸਾਊਂਡ ਪ੍ਰੋਗਰਾਮ ਮਨਾਇਆ ਜਾ ਰਿਹਾ ਹੈ ਅਤੇ ਇਹ ਪ੍ਰੋਗਰਾਮ ਗੁਰੂ ਲਾਧੋ ਰੇ ਦਿਵਸ ਮਨਾਉਣ ਤੋਂ ਬਾਅਦ 2.30 ਤੋਂ 4.30 ਤੱਕ ਵਿਖਾਇਆ ਜਾਵੇਗਾ।

**ਐਮਬੂਲੈਂਸ ਕੰਮ ਮੋਬਾਈਲ ਵੈਂਨ ਬਾਰੇ** :- ਐਮਬੂਲੈਂਸ ਕੰਮ ਮੋਬਾਈਲ ਵੈਂਨ ਬਾਰੇ :- ਪ੍ਰਧਾਨ ਜੀ ਵਲੋਂ ਮੈਂਬਰਾਂ ਨੂੰ ਦੱਸਿਆ ਗਿਆ ਕਿ ਮਈ ਮਹੀਨੇ ਤੋਂ ਲੈ ਕੇ ਸਤੰਬਰ ਮਹੀਨੇ ਤੱਕ ਜਲੰਧਰ, ਕਪੂਰਥਲਾ, ਹੁਸ਼ਿਆਰਪੁਰ ਵਿਖੇ 46 ਕੈਂਪ ਲਗ ਚੁੱਕੇ ਹਨ ਜਿਸ ਵਿਚ 1500 ਤੋਂ ਵੱਧ ਟੈਸਟ ਕੀਤੇ ਜਾ ਚੁੱਕੇ ਹਨ ਅਤੇ ਇਸ ਤੇ ਬਹੁਤ ਹੀ ਘੱਟ ਖਰਚਾ ਹੋਇਆ ਹੈ।

**ਮੈਡੀਕਲ ਵਿੰਗ ਬਾਰੇ** :- ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ 30-ਏ ਚੰਡੀਗੜ੍ਹ ਦੀ ਮੈਨੇਜਮੈਂਟ ਨੇ ਮੈਡੀਕਲ ਓ ਪੀ ਡੀ, ਕਲੀਨਿਕਲ ਲੈੱਬ, ਡੈਂਟਲ ਵਿੰਗ ਦੇ ਮਰੀਜ਼ਾਂ ਦੀ ਗਿਣਤੀ ਅਤੇ ਆਮਦਨ ਵਿਚ ਵਾਧਾ ਕਰਨ ਲਈ ਵੀ ਵੱਧ ਤੋਂ ਵੱਧ ਉਪਰਾਲੇ ਕੀਤੇ ਜਾ ਰਹੇ ਹਨ। ਸਤੰਬਰ ਦੇ ਮਹੀਨੇ ਦੇ ਮਰੀਜ਼ਾਂ ਦਾ ਵੇਰਵਾ ਇਸ ਪ੍ਰਕਾਰ ਹੈ :-

| | ਸਤੰਬਰ |
|---|---|
| ਮੈਡੀਕਲ ਓ ਪੀ ਡੀ | 284 |
| ਕਲੀਨਿਕਲ ਲੈੱਬ | 82 |
| ਡੈਂਟਲ ਵਿੰਗ | 69 |

ਮਿਤੀ 23-09-2017 ਨੂੰ ਸ੍ਰੀ ਰਾਮਾਚੰਦਰੂ ਤੇਜਾਵਥ ਆਲ ਇੰਡੀਆ ਲੁਬਾਣਾ ਸਮਾਜ ਕਮੇਟੀ ਵਲੋਂ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਵਿਚ ਆਏ ਸੀ ਜਿਨ੍ਹਾਂ ਦਾ ਜਨਮ ਮਹਿਬੂਬਾਬਾਦ ਜ਼ਿਲ੍ਹੇ ਵਿਚ 9 ਸਤੰਬਰ 1953 ਨੂੰ ਹੋਇਆ। ਉਹ ਕਿੱਤੇ ਵਜੋਂ ਆਈ.ਏ.ਐਸ. ਦੇ ਅਹੁਦੇ ਤੋਂ ਰਿਟਾਇਰ ਹੋਏ ਹਨ। ਫਾਊਂਡੇਸ਼ਨ ਦੀ ਮੈਨੇਜਮੈਂਟ ਵਲੋਂ ਉਨ੍ਹਾਂ ਨੂੰ ਬੁੱਕੇ ਅਤੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਉਨ੍ਹਾਂ ਨੇ ਮੈਨੇਜਮੈਂਟ ਦੇ ਅਹੁਦੇਦਾਰ ਅਤੇ ਮੈਂਬਰਾਂ ਨੂੰ ਸੰਬੋਧਿਤ ਵੀ ਕੀਤਾ ਅਤੇ ਆਲ ਇੰਡੀਆ ਲੈਵਲ ਤੇ ਇਕੱਠੇ ਹੋਣ ਲਈ ਪ੍ਰੇਰਿਆ। ਪ੍ਰਧਾਨ ਜੀ ਵਲੋਂ ਉਨ੍ਹਾਂ ਦਾ ਅਤੇ ਉਨ੍ਹਾਂ ਦੀ ਪਤਨੀ ਦਾ ਭਵਨ ਵਿਚ ਪਹੁੰਚਣ ਤੇ ਧੰਨਵਾਦ ਕੀਤਾ।

**ਰਿਜ਼ਨਲ ਪ੍ਰਧਾਨ ਦੀ ਮੀਟਿੰਗ** :-ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੀ ਪਹਿਲੀ ਰਿਜ਼ਨਲ ਪ੍ਰਧਾਨਾਂ ਦੀ ਮੀਟਿੰਗ ਮਿਤੀ-27-09-2017 ਨੂੰ 11.30 ਵਜੇ ਹੋਈ। ਪ੍ਰਧਾਨ ਜੀ ਵਲੋਂ ਹਾਜ਼ਰ ਮੈਂਬਰਾਂ ਦਾ ਸਵਾਗਤ ਕੀਤਾ ਗਿਆ। ਇਸ ਮੀਟਿੰਗ ਵਿਚ ਰਿਜ਼ਨਲ ਪ੍ਰਧਾਨਾਂ ਦੇ ਧਿਆਨ ਵਿਚ ਲਿਆਂਦਾ ਕਿ ਭਵਨ ਦੀ ਮੈਨੇਜਮੈਂਟ ਵਲੋਂ ਮਿਤੀ 7 ਅਕਤੂਬਰ 2017 ਦਿਨ ਸ਼ਨਿੱਚਰਵਾਰ ਨੂੰ 'ਗੁਰੂ ਲਾਧੋ ਰੇ' ਦਿਵਸ ਮਨਾਇਆ ਜਾ ਰਿਹਾ ਹੈ ਅਤੇ ਸਾਰੇ ਰਿਜ਼ਨਲ ਪ੍ਰਧਾਨਾਂ ਨੂੰ ਬੇਨਤੀ ਕੀਤੀ ਕਿ ਉਹ ਆਪਣੇ-ਆਪਣੇ ਰੀਜਨ ਦੀ ਵੱਧ ਤੋਂ ਵੱਧ ਸੰਗਤ ਲੈ ਕੇ ਆਉਣ ਅਤੇ ਆਪਣਾ ਮਾਇਕ ਸਹਿਯੋਗ ਵੀ ਦੇਣ। ਰਿਜ਼ਨਲ ਪ੍ਰਧਾਨਾਂ ਨੇ ਭਰੋਸਾ ਦਿਵਾਇਆ ਕਿ ਉਹ ਵੱਧ ਤੋਂ ਵੱਧ ਸੰਗਤ ਲੈ ਕੇ 'ਗੁਰੂ ਲਾਧੋ ਰੇ' ਦਿਵਸ ਦੇ ਪ੍ਰੋਗਰਾਮ ਤੇ ਪਹੁੰਚਣਗੇ ਅਤੇ ਮੌਕੇ ਤੇ ਹੀ ਕੁਝ ਮੈਂਬਰਾਂ ਵਲੋਂ ਪ੍ਰੋਗਰਾਮ ਲਈ ਆਪਣਾ ਮਾਇਕ ਯੋਗਦਾਨ ਪਾਇਆ ਗਿਆ। ਇਸ ਉਪਰੰਤ ਪ੍ਰਧਾਨ ਜੀ ਵਲੋਂ ਰਿਜ਼ਨਲ ਪ੍ਰਧਾਨਾਂ ਨੂੰ ਬੇਨਤੀ ਕੀਤੀ ਕਿ ਮੈਰਿਟ-ਕੰਮ-ਮੀਨਜ ਸਕਾਲਰਸ਼ਿਪ ਸਕੀਮ ਲਈ ਆਪਣੇ ਰੀਜਨ ਵਿਚ ਉਪਰਾਲੇ ਕਰਨ ਅਤੇ ਹੁਸ਼ਿਆਰ ਤੇ ਜ਼ਰੂਰਤਮੰਦ ਵਿਦਿਆਰਥੀਆਂ ਦੇ ਫਾਰਮ ਭਰਵਾ ਕੇ ਭੇਜਣ ਅਤੇ ਮਨਿਆਰਿਟੀ ਕਮਿਊਨਿਟੀ ਸਕਾਲਰਸ਼ਿਪ ਸਕੀਮ ਬਾਰੇ ਵੀ ਹੁਸ਼ਿਆਰ ਵਿਦਿਆਰਥੀਆਂ ਨੂੰ ਗਾਈਡ ਕਰਨ ਅਤੇ ਉਨ੍ਹਾਂ ਨੂੰ ਵੱਧ ਤੋਂ ਵੱਧ ਲਾਭ ਲੈਣ ਲਈ ਉਪਰਾਲੇ ਕਰਨ। ਬਾਅਦ ਵਿਚ ਸਾਰੇ ਰਿਜ਼ਨਲ ਪ੍ਰਧਾਨਾਂ ਨੂੰ ਆਪਣੇ-ਆਪਣੇ ਰੀਜਨ ਦੇ ਗੁਰਦੁਆਰਾ ਸਾਹਿਬ ਦੇ ਪ੍ਰਧਾਨਾਂ ਦੇ ਪੂਰੇ ਪਤੇ ਭੇਜਣ ਤਾਂ ਜੋ ਉਹਨਾਂ ਨੂੰ ਲੁਬਾਣਾ ਸੇਵਕ ਮੈਗਜ਼ੀਨ ਭੇਜੇ ਜਾ ਸਕਣ। ਮੀਟਿੰਗ ਵਿਚ ਇਹ ਫੈਸਲਾ ਵੀ ਹੋਇਆ ਕਿ ਮੈਰਿਟ-ਕੰਮ-ਮੀਨਜ ਸਕਾਲਰਸ਼ਿਪ ਸਕੀਮ ਦੇ ਫਾਰਮ ਭੇਜਣ ਦੀ ਆਖਿਰੀ ਤਾਰੀਖ 30 ਸਤੰਬਰ ਤੋਂ ਵਧਾ ਕੇ 15 ਅਕਤੂਬਰ ਕਰ ਦਿੱਤੀ ਗਈ ਹੈ।

ਉਪਰੰਤ ਸ. ਪ੍ਰੀਤਮ ਸਿੰਘ ਸਿਕਰੀ ਰਿਜ਼ਨਲ ਪ੍ਰਧਾਨ ਵਲੋਂ ਇਹ ਪ੍ਰਸਤਾਵ ਦਿੱਤਾ ਗਿਆ ਕਿ ਪਿੰਡ ਸਿਕਰੀ ਵਿਖੇ 4 ਏਕੜ ਜ਼ਮੀਨ ਹੈ ਉਸ ਵਿਚੋਂ ਅੱਧੀ ਜ਼ਮੀਨ ਕੋਚਿੰਗ ਸੈਂਟਰ ਖੋਲਣ ਲਈ ਵਰਤ ਲਈ ਜਾਵੇ। ਇਸ ਤੇ ਇਹ ਵਿਚਾਰ ਹੋਇਆ ਕਿ ਇਸ ਪ੍ਰਸਤਾਵ ਨੂੰ ਕਾਰਜਕਾਰਨੀ ਅਤੇ ਵਰਕਿੰਗ ਕਮੇਟੀ ਦੀ ਮੀਟਿੰਗ ਵਿਚ ਰੱਖਿਆ ਜਾਵੇਗਾ ਉਸ ਤੋਂ ਬਾਅਦ ਹੀ ਕੋਈ ਫੈਸਲਾ ਲਿਆ ਜਾਵੇਗਾ। ਇਸ ਵਿਸ਼ੇ ਤੇ ਕੈਪਟਨ ਕਾਬਲ ਸਿੰਘ ਨੇ ਪ੍ਰਸਤਾਵ ਦਿੱਤਾ ਕਿ ਜਲੰਧਰ ਦੀ 66 ਫੁੱਟ ਰੋਡ ਤੇ ਜਿਹੜੀ ਜ਼ਮੀਨ ਹੈ ਉਸ ਨੂੰ ਕੋਚਿੰਗ ਸੈਂਟਰ ਖੋਲਣ ਲਈ ਵਰਤਿਆ ਜਾਵੇ ਅਤੇ ਇਸ ਬਾਰੇ ਜਲੰਧਰ ਦੀ ਕਮੇਟੀ ਨਾਲ ਵਿਚਾਰ ਵਟਾਂਦਰਾ ਕਰਕੇ ਜ਼ਮੀਨ ਦਾ ਪ੍ਰਬੰਧ ਕੀਤਾ ਜਾਵੇ।

# ਸੁੱਚੇ ਮੋਤੀ

ਪ੍ਰੋ. ਅਮਰਜੀਤ ਸਿੰਘ ਗੁੜਗਾਉਂ

* ਅਸੀਂ ਸਾਰੇ ਸਭ ਇਕ ਦੂਸਰੇ ਨੂੰ ਸਿਰਫ ਇਹ ਸੋਚ ਕੇ ਗੁਆ ਲਵਾਂਗੇ ਕਿ ਉਹ ਮੈਨੂੰ ਯਾਦ ਨਹੀਂ ਕਰਦਾ ਹੈ ਤਾਂ ਮੈ ਕਿਉਂ ਉਸਨੂੰ ਯਾਦ ਕਰਾਂ।

* ਕਿਸੇ ਵੀ ਰਿਸ਼ਤੇ ਨੂੰ ਨਿਭਾਉਣ ਦੇ ਲਈ ਕਸਮਾ, ਵਾਅਦੇ ਅਤੇ ਪੈਸੇ ਦੀ ਜ਼ਰੂਰਤ ਨਹੀਂ ਹੈ ਬਸ ਉਸਨੂੰ ਨਿਭਾਉਣ ਵਾਸਤੇ ਦੋ ਖੁਬਸੂਰਤ ਲੋਕ ਚਾਹੀਦੇ ਹਨ। ਇਕ ਜੋ ਭਰੋਸਾ ਕਰ ਸਕੇ ਅਤੇ ਦੂਸਰਾ ਜੋ ਉਸਨੂੰ ਸਮਝ ਸਕੇ।

* ਇਕ ਦਿਨ ਦਰਦ ਨੇ ਦੌਲਤ ਨੂੰ ਕਿਹਾ ਕਿ ਤੂੰ ਕਿੰਨੀ ਖੁਸ਼ਨਸੀਬ ਹੈਂ। ਹਰ ਕੋਈ ਤੈਨੂੰ ਪਾਉਣ ਵਾਸਤੇ ਕੋਸ਼ਿਸ਼ ਕਰਦਾ ਹੈ ਅਤੇ ਮੈਂ ਕਿੰਨਾ ਬਦਨਸੀਬ ਹਾਂ ਕਿ ਹਰ ਕੋਈ ਮੇਰੇ ਤੋਂ ਦੂਰ ਜਾਣ ਵਾਸਤੇ ਕੋਸ਼ਿਸ਼ ਕਰਦਾ ਹੈ। ਤਦ ਦੌਲਤ ਨੇ ਦਰਦ ਨੂੰ ਕਿਹਾ ਕਿ ਖੁਸ਼ਨਸੀਬ ਤੇ ਤੂੰ ਹੈਂ, ਜਿਸਨੂੰ ਪਾ ਕੇ ਲੋਕ ਆਪਣਿਆਂ ਨੂੰ ਯਾਦ ਤੇ ਰਖਦੇ ਹਨ। ਬਦਨਸੀਬ ਤੇ ਮੈਂ ਹਾਂ ਜਿਸ ਨੂੰ ਪਾ ਕੇ ਲੋਕ ਆਪਣਿਆਂ ਨੂੰ ਹੀ ਭੁਲ ਜਾਂਦੇ ਹਨ।

* ਤੁਹਾਡੀ ਖੁਸ਼ੀ ਵਿਚ ਤੁਹਾਡੇ ਸਾਥ ਉਹ ਹੋਏਗਾ ਜਿਹਨੂੰ ਤੁਸੀ ਆਪਣਾ ਮੰਨਦੇ ਹੋ; ਪਰ ਤੁਹਾਡੇ ਗਮ ਵਿਚ ਤੁਹਾਡੇ ਸਾਥ ਸਿਰਫ ਉਹ ਹੀ ਹੋਏਗਾ ਜੋ ਤੁਹਾਨੂੰ ਆਪਣਾ ਮੰਨਦਾ ਹੋਵੇ।

* ਜ਼ਿੰਦਗੀ ਵਿਚ ਚੰਗੇ ਲੋਕਾਂ ਦੀ ਤਲਾਸ਼ ਮਤ ਕਰੋ ਬਲਕਿ ਖੁਦ ਚੰਗੇ ਬਣ ਜਾਓ ਤਾਂ ਕਿ ਤੁਹਾਨੂੰ ਮਿਲ ਕੇ ਸ਼ਾਇਦ ਕਿਸੇ ਦੀ ਤਲਾਸ਼ ਖਤਮ ਹੋ ਜਾਏ।

* ਇਕ ਦਿਨ ਸੋਨੇ ਨੇ ਲੋਹੇ ਨੂੰ ਕਿਹਾ ਕਿ ਅਸੀਂ ਦੋਵੇਂ ਲੋਹੇ ਦੀ ਹਥੌੜੀ ਨਾਲ ਕੁੱਟੇ ਜਾਂਦੇ ਹਨ ਲੇਕਿਨ ਤੂੰ ਚਿਲਾਂਦਾ ਬੜਾ ਹੈਂ। ਲੋਹੇ ਨੇ ਸੋਨੇ ਨੂੰ ਕਿਹਾ ਕਿ ਜਦੋਂ ਆਪਣਾ ਹੀ ਆਪਣੇ ਨੂੰ ਮਾਰਦਾ ਹੈ ਤਾਂ ਦਰਦ ਬਹੁਤ ਹੁੰਦਾ ਹੈ।

* ਕਹਿੰਦੇ ਹਨ ਕਿ ਲਫਜ਼ਾਂ ਦੇ ਦੰਦ ਨਹੀਂ ਹੁੰਦੇ ਪਰ ਜਦੋਂ ਸ਼ਬਦ ਕਟਦੇ ਹਨ ਤਾਂ ਕਦੀ-ਕਦੀ ਜ਼ਖਮ ਐਨੇ ਡੂੰਘੇ ਹੋ ਜਾਂਦੇ ਹਨ ਕਿ ਜ਼ਿੰਦਗੀ ਖਤਮ ਹੋਣ ਤਕ ਵੀ ਨਹੀਂ ਭਰਦੇ।

* ਅਗਰ ਲੋਕ ਸਿਰਫ ਜ਼ਰੂਰਤ ਪੈਣ ਤੇ ਹੀ ਤੁਹਾਨੂੰ ਯਾਦ ਕਰਦੇ ਹਨ ਤਾਂ ਉਹਨਾਂ ਦਾ ਬੁਰਾ ਨਾ ਮਨਾਉਣਾ ਬਲਕਿ ਖੁਸ਼ ਹੋ ਜਾਣਾ ਕਿਉਂਕਿ ਮੋਮਬਤੀ ਦੀ ਯਾਦ ਉਦੋਂ ਹੀ ਆਉਂਦੀ ਹੈ ਜਦੋਂ ਅੰਧੇਰਾ ਹੁੰਦਾ ਹੈ।

* ਜ਼ਿੰਦਗੀ ਵਿਚ ਤਿੰਨ ਤਰ੍ਹਾਂ ਦੇ ਲੋਕਾਂ ਨੂੰ ਮਤ ਭੁਲਾਣਾ, ਪਹਿਲੇ ਜਿੰਨਾਂ ਨੇ ਮੁਸ਼ਕਿਲ ਵਕਤ ਵਿਚ ਤੁਹਾਡਾ ਸਾਥ ਦਿੱਤਾ ਹੋਵੇ; ਦੂਸਰੇ ਜਿੰਨਾਂ ਨੇ ਮੁਸ਼ਕਿਲ ਵਕਤ ਤੁਹਾਡਾ ਸਾਥ ਛਡ ਦਿੱਤਾ ਹੋਵੇ ਅਤੇ ਤੀਸਰੇ ਜਿੰਨਾਂ ਨੇ ਤੁਹਾਨੂੰ ਮੁਸ਼ਕਿਲ ਵਿਚ ਪਾਇਆ ਹੋਵੇ।

* ਅਗਰ ਤੁਸੀਂ ਕਿਸੇ ਨੂੰ ਕੁਝ ਦੇਣਾ ਚਾਹੁੰਦੇ ਹੋ ਤਾਂ ਆਪਣਾ ਵਕਤ ਦਿਉ ਕਿਉਂਕਿ ਤੁਸੀ ਹਰ ਚੀਜ਼ ਵਾਪਿਸ ਲੈ ਸਕਦੇ ਹੋ ਪਰ ਕਿਸੇ ਨੂੰ ਦਿੱਤਾ ਹੋਇਆ ਵਕਤ ਵਾਪਿਸ ਨਹੀਂ ਲੈ ਸਕਦੇ।

* ਕੁਝ ਲੋਕਾਂ ਦੀ ਆਦਤ ਹੁੰਦੀ ਹੈ ਕਿ ਹਰ ਗਲ ਤੇ ਤਾਹਨੇ ਮਾਰਨਾ, ਮਜ਼ਾਕ ਉਡਾਣਾ ਜਾਂ ਨੁਕਸ ਕਢਣੇ; ਐਸੇ ਲੋਕਾਂ ਦੀਆ ਗੱਲਾਂ ਤੋਂ ਪ੍ਰੇਸ਼ਾਨ ਨਹੀਂ ਹੋਣਾ ਬਸ ਇਕ ਗਲ ਯਾਦ ਰਖਨਾ..... ਬਿਛੂ ਦੀ ਫਿਤਰਤ ਹਮੇਸ਼ਾ ਡੰਗ ਮਾਰਨਾ ਹੁੰਦੀ ਹੈ। ਕਈ ਲੋਕ ਬਹੁਤ ਸਮਝਾਨ ਦੇ ਬਾਵਜੂਦ ਵੀ ਨਹੀਂ ਸਮਝਦੇ ਹਨ ਤਾਂ ਤੁਸੀ ਪਰੇਸ਼ਾਨ ਮਤ ਹੋਣਾ। ਤੁਸੀ ਮਝ ਨੂੰ ਕਿੰਨਾ ਵੀ ਨਹਾ ਦਿਉ ਕੁਝ ਦੇਰ ਬਾਦ ਉਸਨੇ ਬੈਠਣਾ ਚਿੱਕੜ ਵਿਚ ਹੀ ਹੈ।

* ਲੋਕ ਕਹਿੰਦੇ ਹਨ ਕਿ ਦੁਨੀਆ ਵਿਚ ਬੜੀ ਗੰਦਗੀ ਹੈ ਹੁਣ ਜੀਉਣਾ ਮੁਸ਼ਕਿਲ ਹੋ ਗਿਆ ਹੈ। ਲੇਕਿਨ ਮੈਂ ਕਹਿੰਦਾ ਹਾਂ ਕਿ ਇਕ ਵਾਰ ਕਮਲ ਦੇ ਫੁਲ ਨੂੰ ਦੇਖ ਆਵੋ ਸਾਰੀਆ ਗਲਤ ਫਹਿਮੀਆ ਦੂਰ ਹੋ ਜਾਣਗੀਆ।

* ਕਿਸੇ ਦੇ ਕੁਝ ਕਹਿਣ ਜਾਂ ਕਰਨ ਤੇ ਤੁਹਾਨੂੰ ਬਹੁਤ ਗੁਸਾ ਆ ਜਾਂਦਾ ਹੈ ਤਾਂ ਤੁਹਾਨੂੰ ਬਰਦਾਸ਼ਤ ਕਰਨਾ ਹੋਵੇਗਾ। ਜੇ ਨਹੀਂ ਤਾਂ ਇਸਦਾ ਮਤਲਬ ਹੈ ਤੁਹਾਡਾ ਖੁਦ ਤੇ ਸੰਜਮ ਖਤਮ ਹੋ ਗਿਆ ਹੈ।

* ਜੇ ਤੁਸੀਂ ਕਿਸੇ ਨੂੰ ਚੰਗੀ ਸਲਾਹ ਨਹੀਂ ਦੇ ਸਕਦੇ ਹੋ ਤਾਂ ਸਿਰਫ ਇਕ ਕੰਮ ਕਰੋ ਮੇਹਰਬਾਨੀ ਕਰੋ ਅਤੇ ਸਬਰ ਕਰੋ।

* ਦੁਨੀਆਂ ਦਾ ਸਭ ਤੋਂ ਮਹਿੰਗਾ ਤਰਲ (liquid) ਅੱਥਰੂ ਹੁੰਦਾ ਹੈ। ਜਿਸ ਵਿਚ 1 ਫੀਸਦੀ (1%) ਪਾਣੀ ਅਤੇ 99% ਅਹਿਸਾਸ ਹੁੰਦਾ ਹੈ।

* ਇਕ ਜੋਕਰ ਨੇ ਲੋਕਾਂ ਨੂੰ ਲਤੀਫਾ ਸੁਣਾਇਆ; ਸਭ ਬਹੁਤ ਹੱਸੇ। ਉਸਨੇ ਉਹੀ ਲਤੀਫਾ ਦੁਬਾਰਾ ਸੁਣਾਇਆ ਤਾਂ ਥੋੜ੍ਹੇ ਲੋਕ ਹੱਸੇ। ਉਸ ਨੇ ਉਹੀ ਲਤੀਫਾ ਤੀਸਰੀ ਬਾਰ ਸੁਣਾਇਆ ਤਾਂ ਕੋਈ ਨਹੀਂ ਹੱਸਿਆ। ਫਿਰ ਉਸਨੇ ਬਹੁਤ ਪਿਆਰੀ ਜਹੀ ਗਲ ਕਹੀ। "ਅਗਰ ਤੁਸੀਂ ਇਕ ਹੀ ਖੁਸ਼ੀ ਨੂੰ ਲੈ ਕੇ ਬਾਰ-ਬਾਰ ਖੁਸ਼ ਨਹੀਂ ਹੋ ਸਕਦੇ ਤਾਂ ਇਕ ਗਮ ਨੂੰ ਲੈ ਕੇ ਬਾਰ-ਬਾਰ ਰੋਂਦੇ ਕਿਉ ਹੋ?"

* ਦਿਨ ਭਰ ਕੰਮ ਕਰਨ ਬਾਅਦ; ਬੇਟਾ ਪੁੱਛਦਾ ਹੈ, ਕੀ ਲਿਆਏ ਹੋ? ਬੀਵੀ ਪੁੱਛਦੀ ਹੈ ਕਿਤਨਾ ਬਚਾਇਆ? ਪਾਪਾ ਪੁੱਛਦੇ ਹਨ ਕਿੰਨਾ ਕਮਾਇਆ? ਲੇਕਿਨ ਇਕ ਮਾਂ ਹੀ ਕਹਿੰਦੀ ਹੈ, ਬੇਟਾ ਕੁਝ ਖਾਇਆ?

* ਜ਼ਿੰਦਗੀ ਵਿਚ ਤੁਹਾਨੂੰ ਕੌਣ ਮਿਲੇਗਾ, ਇਹ ਸਿਰਫ ਵਕਤ ਹੀ ਤਹਿ ਕਰੇਗਾ। ਜ਼ਿੰਦਗੀ ਵਿਚ ਤੁਸੀ ਕਿਦੇ ਨਾਲ ਪਿਆਰ ਕਰਦੇ ਹੋ, ਇਹ ਤੁਹਾਡਾ ਦਿਲ ਤਹਿ ਕਰਦਾ ਹੈ।

* ਜ਼ਿੰਦਗੀ ਵਿਚ ਤੁਹਾਡੇ ਨਾਲ ਕੌਣ ਜੁੜਿਆ ਰਹੇਗਾ, ਇਹ ਤੁਹਾਡਾ ਮਿਜਾਜ਼ ਤਹਿ ਕਰਦਾ ਹੈ। ਜਦੋਂ ਤੋਂ ਮੈਨੂੰ ਇਹ ਯਕੀਨ ਹੋ ਗਿਆ ਕਿ ਰੱਬ ਮੇਰੇ ਨਾਲ ਹੈ...ਮੈਂ ਇਸ ਗਲ ਦੀ ਪਰਵਾਹ ਕਰਨੀ ਛੱਡ ਦਿਤੀ...ਕਿ ਕੌਣ ਕੌਣ ਮੇਰੇ ਖਿਲਾਫ ਹੈ।

**ਕਹਾਣੀ**

# ਪਲੰਦੇ

**ਚੰਦਨ ਨੇਗੀ**

ਸੜਕ ਤੋਂ ਆਪਣੇ ਘਰ ਵੱਲ ਦੀ ਗਲੀ ਮੁੜਨ ਹੀ ਲਗਦੀ ਹਾਂ ਕਿ ਗਲੀ ਦੀ ਉਚਾਈ ਦੀ ਇਕ ਦਰਾੜ ਵਿਚ ਸੈਂਡਲ ਦੀ ਅੱਡੀ ਫਸ ਗਈ। ਮਸਾਂ-ਮਸਾਂ ਡਿਗਣੋਂ ਬਚੀ ਸਾਂ। ਉਸੀ ਵੇਲੇ ਹੀ ਸ਼ਾਇਦ ਚੁਤਰਫ਼ੀ ਹਨੇਰ-ਮ-ਨ੍ਹੇਰਾ ਪਸਰ ਗਿਆ ਸੀ। ਘਰਾਂ, ਗਲੀਆਂ, ਸੜਕਾਂ ਦੀਆਂ ਬੱਤੀਆਂ ਗੁਲ ਹੋ ਗਈਆਂ ਸਨ। ਸੜਕ ਵੱਲ ਪਿੱਛੇ ਮੁੜ ਕੇ ਵੇਖਿਆ, ਬਿਜਲੀ ਦੇ ਖੰਭੇ, ਖੰਭਿਆਂ ਨਾਲ ਬੱਝੀਆਂ ਤਾਰਾਂ, ਤਾਰਾਂ ਨਾਲ ਉਲਝੇ ਧਾਗੇ, ਲੀਰਾਂ, ਡੋਰਾਂ, ਪਤੰਗਾਂ ਚੰਨ ਦੀ ਹਲਕੀ ਹਲਕੀ ਸਲੇਟੀ ਰੰਗ ਦੀ ਚਾਂਦਨੀ ਵਿਚ ਜਿਵੇਂ ਤਾਂਡਵ ਨਾਚ ਨੱਚ ਰਹੇ ਹੋਣ। ਹਵਾ ਦੇ ਝੋਕੇ ਨਾਲ ਸੜਕ ਉੱਤੇ ਪਸਰੇ ਪ੍ਰਛਾਵੇਂ ਭੂਤੀਆ ਨਾਚ ਨੱਚਦੇ ਸਰਕਦੇ ਲਗੇ।

ਅੰਗੂਠੇ 'ਚ ਪਈ ਤਰਾਟ ਨੇ ਮੇਰੀ ਸੁਰਤ ਸੜਕ ਵੱਲੋਂ ਮੋੜੀ ਤੇ ਝੁਕ ਕੇ ਇੱਟਾਂ ਦੀ ਵਿੱਥ 'ਚੋਂ ਸੈਂਡਲ ਦੀ ਅੱਡੀ ਨੂੰ ਕਢਦੇ ਮੇਰੀ ਨਜ਼ਰ ਸਾਹਮਣੇ ਦਰਵਾਜ਼ੇ ਉੱਤੇ ਰੁੱਕ ਗਈ। ਲੋਹੇ ਦੀ ਗਰਿਲ ਵਾਲੇ ਵੱਡੇ ਦਰਵਾਜ਼ੇ ਦੀ ਝੀਥ ਵਿਚੋਂ ਮੈਨੂੰ ਮੇਜ਼ ਉੱਤੇ ਪਏ ਚਿੱਟੇ ਬੁੱਤ ਦੇ ਸਿਰ ਉੱਤੇ ਵਡੀ ਸਾਰੀ ਜਗਦੀ ਮੋਮਬੱਤੀ ਦਿਸੀ।

ਮੈਨੂੰ ਲਗਿਆ ਜਿਵੇਂ ਮੋਤੀਆ ਮਾਸੀ ਦੇ ਸਿਰ ਵਿਚੋਂ ਅੱਗ ਦੇ ਸ਼ੋਹਲੇ ਨਿਕਲ ਰਹੇ ਹਨ। ਜਿਵੇਂ ਉਸ ਦੇ ਅੰਦਰ ਦਬਿਆ ਜੁਆਲਾ ਮੁੱਖੀ ਫਟ ਗਿਆ ਹੋਏ। ਕਦੀ ਇਹ ਘਰ ਮਾਸੀ ਮੋਤੀਆਂ ਦਾ ਸੀ। ਉਹ ਜਦੋਂ ਬਹੁਤ ਉਦਾਸ ਹੁੰਦੀ ਸੀ ਤਾਂ ਇਸ ਬੁੱਤ ਵਾਂਗ ਇਕ ਗੋਡੇ ਦੀ ਅੱਧੀ ਚੌਕੜੀ, ਦੂਜਾ ਗੋਡਾ ਅੱਧਾ ਉੱਚਾ ਤੇ ਦੋਹੇਂ ਬਾਹਵਾਂ ਗੋਡੇ ਦੁਆਲੇ ਵਲੇਸ ਕੇ ਗੋਡੇ ਦੀ ਚਪਣੀ ਉੱਤੇ ਠੋਡੀ ਰੱਖ ਆਪਣੀ ਝੋਲੀ ਵਿਚ ਅੱਥਰੂ ਕੇਰਦੀ ਰਹਿੰਦੀ ਸੀ। ਜਾਂ ਚੁੱਲ ਕੋਲ ਬੈਠੀ ਧਰਤੀ ਉੱਤੇ ਲਕੀਰਾਂ ਵਾਹੁੰਦੀ ਰਹਿੰਦੀ।

ਮਾਸੀ ਮੋਤੀਆ ਦਾ ਇਹ ਘਰ- ਉਹਦੋਂ ਕੱਚਾ ਕਮਰਾ ਸੀ। ਜਿਸ ਦੀ ਛੱਤ ਦੀਆਂ ਦੋ ਬਲੀਆਂ ਹੇਠਾਂ ਲਮਕੀਆਂ ਕੰਧ ਨਾਲ ਢੋਅ ਲਗਾਈ ਥੱਕੀਆਂ-ਹਾਰੀਆਂ ਖਲੋਤੀਆਂ ਸਨ। ਝੱਖੜਾਂ ਮੀਂਹਾਂ ਵਿਚ ਸੁੱਕੇ ਗੋਹੇ ਸੰਭਾਲਦੀ ਉਹ ਡਰਦੀ ਵੀ ਕਿ ਕਿਸੀ ਦਿਨ ਇਹਨਾਂ ਲਮਕਦੀਆਂ ਬਲੀਆਂ ਹੇਠਾਂ ਉਹ ਆਪ ਹੀ ਸੰਭਾਲੀ ਜਾਏਗੀ। ਇਸੇ ਟੁੱਟੀ ਛੱਤ ਦੀ ਇਕ ਨੁੱਕਰ ਵਿਚ ਉਹ ਆਪਣੇ ਤਨ ਉੱਤੇ ਪਈਆਂ ਸੋਟੀਆਂ, ਮੁੱਕਿਆਂ, ਬੂਟਾਂ ਦੀਆਂ ਲਾਸਾਂ ਨੂੰ ਵੇਖਦੀ ਅਰਦਾਸਾਂ ਕਰਦੀ ਸੀ- "ਹੇ ਰੱਬਾ! ਮਿਘੀ ਸਾਂਭੀ ਲੈ....ਹਿੱਸ ਜੀਣੈ ਕੋਲਾ ਤੇ ਮਰਣਾ ਚੰਗਾ-ਮਾਰਾਂ ਖਾਈ-ਖਾਈ ਹੁੱਟੀ ਹੰਭੀ ਗੇਈ ਆਂ..." ਤੇ ਵਿਹੜੇ ਵਿਚੋਂ ਆਪਣੇ ਆਦਮੀ ਦੀ ਗਰਜ ਸੁਣ—

"ਹੇ ਮੋਤੋ ਸ਼ੜੋਤੋ-ਕੁੱਸ ਨੀ ਬੁਕਲੇ 'ਚ ਵੜੀ ਗੇਈ ਏਂ...ਕੌਣ ਨੁ ਤੈਂਡੇ ਯਾਰ ਅੰਦਰ....? ਠੰਡੀ ਨਾ ਹੋਈ ਹਾਲੇਂ...ਸੇਕਾਂ ਤੈਂਡੀਆਂ ਹਡੀਆਂ ਹੋਰ...."

ਉਹ ਚੁੰਨੀ ਦੀ ਚੁਕ ਨਾਲ ਨੱਕ ਪੂੰਝਦੀ, ਅੱਖਾਂ ਮਲਦੀ, ਟੁੱਟੇ-ਭੱਜੇ ਕਮਰੇ ਵਿਚੋਂ ਬਾਹਰ ਨਿਕਲ ਆਉਂਦੀ-

"ਹੇ ਕੈਅ....? ਕੇਹ ਆ ਮੱਖਾਂ?"

'ਰੋਟੀ ਕੋਈ ਤੈਂਡਾ ਯਾਰ ਬਨਾਸੀ....? ਛਾਬਾ ਵੀ ਨੀ ਲਗਿਆ ਹਾਲੇ?"

"ਕਿਹੜੇ ਨੂ ਮੈਂਡੇ ਯਾਰ ..... ਮੱਖਾਂ ..... ਐਵੇਂ ਹੀ, ਅੱਠੇ ਪਹਿਰ ਗਲੀ-ਗਲੀ ਦੀ ਖੇਹ ਤਾਂ ਆਪੂੰ.....ਤੁਸ.....?"

"ਦਸਾਂ ਤੁਗੀ...ਕੁਤਰਾਂ ਤੈਂਡੀ ਗਿੱਠ ਲੰਮੀ ਜ਼ਬਾਨ...ਬਹੁੰ ਚੱਤਰ-ਚੱਤਰ ਕਰਨੀ ਐਂ"

****

ਉਸ ਦੀ ਮਾਂ ਨੇ ਬੱਚੀ ਦਾ ਨਾਂ ਮੋਤੀਆ ਰੱਖਿਆ ਸੀ। ਖੌਰੇ! ਮਾਂ ਨੂੰ ਮੋਤੀਏ ਦੇ ਫੁੱਲ ਪਸੰਦ ਸਨ ਜਾਂ ਮੋਤੀਏ ਦੇ ਤਰੇਲ ਧੋਤੇ ਫੁੱਲਾਂ ਵਾਂਗ ਸਾਫ਼ ਚਿੱਟਾ ਸੀ ਉਸ ਦਾ ਰੰਗ। ਛੋਟਾ ਕੱਦ, ਭਰਵਾਂ ਜਿਸਮ, ਗਿਟਕੀ ਜਿਹੀ ਲੀਰਾਂ ਵਿਚ ਵੀ ਫੱਬਦੀ ਤੇ ਉਸ ਦੇ ਘਰ ਵਾਲਾ ਮਿਲਖੀ ਲੰਮਾ-ਪਤਲਾ-ਸੁਕੜੂ ਸਾਂਵਲਾ ਲੰਬੂਤਰਾ ਚਿਹਰਾ, ਭੈਂਗੀ ਸੱਜੀ ਅੱਖ, ਉਘੜ-ਦੁੱਗੜੀ ਦਾਹੜੀ, ਗਿੱਟਿਆਂ ਤੋਂ ਉੱਚੀ ਸੁਥਣ, ਗੋਢਿਆਂ ਤੀਕ ਲੰਮੀ ਕਮੀਜ਼, ਗਜ਼ ਲੰਮਾ ਪੱਗ ਦਾ ਲੜ ਸੱਜੇ ਮੋਢੇ ਤੋਂ ਅੱਗੇ ਸੁੱਟ ਗਲੀ-ਗਲੀ, ਬਜ਼ਾਰ ਹੋਕੇ ਮਾਰਦਾ। ਉਸ ਦੀ ਪੱਗ ਦੇ ਲੜ ਦੀ ਕੰਨੀ ਕਾਲੀ ਸਿਆਹ ਹੋਈ ਹੁੰਦੀ। ਉਹ ਹੱਥ, ਨੱਕ, ਮੂੰਹ, ਪਸੀਨਾ ਇਸੀ ਲੜ ਦੀ ਕੰਨੀ ਨਾਲ ਪੂੰਝ ਛਡਦਾ।

ਮੋਤੀਆ ਮਾਸੀ ਆਪਣੀ ਬਦਕਿਸਮਤੀ ਦਾ ਰੋਣਾ ਕਿਸ ਅੱਗੇ ਰੋਂਦੀ? ਉਸ ਦੀ ਮਾਂ ਵੀ ਮਰ ਗਈ ਸੀ ਤੇ ਪਿਉ ਦੀ ਲਾਸ਼ ਵੀ ਕੁੱਤਿਆਂ ਗਿੱਧਾਂ ਨੇ ਖਾਧੀ ਹੋਣੀ ਏ। ਦਸਾਂ ਬੰਦਿਆਂ ਜੋਗਾ ਇਕੋ ਹੀ ਕਾਫ਼ੀ ਸੀ ਉਸ ਦਾ ਪਿਉ ਤੇ ਹਾਏ! ਆਪਣੀਆਂ ਧੀਆਂ ਨੂੰ ਬਚਾਉਂਦਾ ਕਿਵੇਂ ਬਰਛਿਆਂ ਨਾਲ ਉਨ੍ਹਾਂ ਦੀਆਂ ਅੱਖਾਂ ਸਾਹਮਣੇ ਕੋਹਿਆ ਗਿਆ ਸੀ। ਅਜ਼ਾਦੀ ਦੀ ਵਾਹੀ ਲਕੀਰ ਦੇ ਪਾਰਲੇ ਪਾਸਿਓਂ ਆਪਣੀ ਧਰਤੀ ਉੱਤੇ ਹੀ ਲਾਸ਼ਾਂ ਦੇ ਢੇਰ ਲੱਗੇ ਸਨ। ਮਾਂ ਨੇ ਕੈਂਪਾਂ ਵਿਚ ਰੁਲਦੇ ਹੀ ਦੋਹੇਂ ਧੀਆਂ ਪਰਾਈਆਂ ਕਰਕੇ ਸੁਰਖਰੂ ਹੋ ਗਈ ਸੀ। ਉਹਦੋਂ ਸਾਰੇ ਤਾਂ ਲੁੱਟੇ-ਪੁੱਟੇ, ਨਾ ਘਰ, ਨਾ ਘਾਟ, ਨਾ ਕੁੱਲੀ ਨਾ ਜੁੱਲੀ। ਇਕੋ ਤਸੱਲੀ ਸੀ ਮਾਂ ਨੂੰ ਦੋਹਾਂ ਧੀਆਂ ਦੇ ਹੱਥ ਇੱਜ਼ਤ ਨਾਲ ਪੀਲੇ ਹੋ ਗਏ ਸਨ। ਸਾਰੇ ਹੀ ਤਾਂ ਡਾਵਾਂਡੋਲ ਸਨ, ਨਿਘਰੇ-ਨਿਆਸਰੇ, ਮੋਇਆਂ ਤੇ ਵਿਛੜੇ ਹੋਇਆਂ ਦੇ ਗ਼ਮ ਵਿਚ ਰਾਤ-ਦਿਨ ਧਕੇਲ ਛਡਦੇ। ਆਪਣੇ ਘਰ ਮੋਤੀਆਂ ਲਈ ਚੰਗੇ-ਚੰਗੇ ਰਿਸ਼ਤੇ ਵੀ ਉਸ ਦੇ ਪਿਉ ਦੇ ਨੱਕ ਹੇਠਾਂ ਨਹੀਂ ਸੀ ਆਉਂਦੇ। ਆਪਣੇ ਘਰ ਮਿਲਖੀ ਦਾ ਸੱਤਾਂ ਪਿੰਡਾਂ ਵਿਚ ਕਿਧਰੇ ਰਿਸ਼ਤਾ ਨਹੀਂ ਸੀ ਹੁੰਦਾ।

ਗਲੀ ਦੇ ਵੱਡੇ ਬੂਹੇ ਕੋਲ ਹੀ ਮਿਲਖੀ ਛਾਬਾ ਰੱਖਦਾ ਸੀ। ਮਿਲਖੀ ਨਹਾਂਦਾ-ਮੋਤੀਆ ਛਾਬੇ ਦਾ ਸਾਮਾਨ ਤਿਆਰ ਕਰਦੀ। ਮਿਲਖੀ ਗਨੇਰੀਆਂ ਕਟਦਾ, ਮੋਤੀਆਂ ਗੰਨੇ ਛਿਲਦੀ ਤੇ ਬੂਹੇ ਤੋਂ ਹੀ ਹੇਕਾਂ ਲਗਾਂਦਾ "ਚੂਪ ਲੈ....ਚੂਪ ਲੈ....ਠੰਡੀਆਂ ਠਾਰ ਨੂ ਗਨੇਰੀਆਂ"। ਕਦੀ ਉਹ ਛਾਬੇ ਲਈ ਮੱਠੀਆਂ ਤਲਦੀ ਕਦੇ ਗੁੜ ਦੇ ਸ਼ਕਰ-ਪਾਰੇ ਬਣਾਂਦੀ ਤੇ ਕਦੇ ਖੰਡ ਦਾ ਕੜਾਹ। ਕੜਾਹ ਦੀ ਬੂਣੀ ਲਈ ਉਹ ਨਾਲ ਦੇ ਘਰੋਂ ਬਾਊ ਜੀ ਦੀ ਨਿੱਕੀ ਕੁੜੀ ਨੂੰ ਬੁਲਾਂਦਾ ਤੇ ਟਕੇ ਦੀ ਪਲੇਟ ਭਰ ਕੇ ਕੜਾਹ ਦੀ ਦੇਂਦਾ-"ਹਿਸ ਮਰਨੇ ਜੋਗੀ ਨੀ ਬੂਣੀ ਬੜੀ ਭਾਗੇਂ ਆਲੀ ਏ...ਮਰੀ ਖੱਡੂ ਦਾ ਕੜਾਹ ਖਾਨੀ ਏ...ਐ ਦੇਖ ਹੁਣੇ ਵਾਪਸ ਆਇਆ" ਉਹ ਚੁਟਕੀ ਵਜਾ ਕੇ ਕਹਿੰਦਾ।

"ਖੜੂ ਦਾ ਕੜਾਹ ਹੀ ਫਿਰ ਬਣਾ ਘਿਤਾ ਕਰ ਨਾ....." ਮਾਸੀ ਮੋਤੀਆਂ ਮੁਸਕ੍ਰਾਂਦੀ ਕਹਿੰਦੀ। ਨਿੱਕੀ ਕੁੜੀ ਲਾਲੀ ਗਰਮ ਗਰਮ ਕੜਾਹ ਖਾਂਦੀ ਮੋਤੀਆ ਦੇ ਕੰਨ ਵਿਚ ਸਰਗੋਸ਼ੀ ਕਰਦੀ "ਮਾਸੀ ਮੋਤੀਆ...ਮਨੂੰ ਤੇਰਾ ਮਾਸੜ ਨ੍ਹੀ ਹਛਾ ਲਗਦਾ...ਲੰਮ-ਸ-ਲੰਮਾ, ਕਾਲਾ, ਭੈਂਗਾ"

"ਬਹੁ ਚੱਤੋ ਨਾ ਕਰਿਆ ਕਰ..." ਉਹ ਮੁੱਸ ਮੁੱਸ ਕਰਦੀ ਚਪੇੜ ਉਗਰਾਂਦੀ।"ਭੈਣ ਰਾਮ, ਵੇਖ ਕੇਹ ਆਖਨੀ ਪਈ ਐ?"

"ਸੱਚ ! ਮਾਸੀ....ਤੂੰ ਇਸ ਨਾਲ ਕਾਜ ਕਿਉਂ ਕੀਤੇ....? ਮੈਂ ਹੋਵਾਂ ਦੌੜ ਕੇ ਝਾਈ ਕੋਲ ਆ ਜਾਵਾਂ....." ਤੇ ਮੋਤੀਆ ਠੰਡਾ ਸਾਹ ਭਰ ਲੈਂਦੀ ਸੀ।"ਤੈਨੂੰ ਮਾਰਦੈ ਨਾ ਬਹੁਤ ਗੰਦੈ" ਮੈਂ ਉਸ ਨੂੰ ਸੋਟੀ ਮਾਰਸਾਂ"

ਮਾਸੀ ਮੋਤੀਆ ਦਾ ਸਾਡੇ ਘਰ ਆਨਾ-ਜਾਣ ਵਧ ਗਿਆ। ਵਿਹਲੀ ਹੁੰਦੀ ਤਾਂ 'ਸ਼ੜਪ' ਕਰਦੀ ਅੰਦਰ ਆ ਵੜਦੀ "ਤੈਂਡਾ ਤਾਂ ਕੰਮ ਹੀ ਨ੍ਹੀ ਮੁਕਦਾ ਭੈਣ-ਲਿਆ ਮੈਂ ਕਰਾਵਾਂ" ਤੇ ਉਹ ਮੇਰੀ ਮਾਂ ਦੇ ਨਿੱਕੇ ਨਿੱਕੇ ਕੰਮ ਸੁਆਰ ਦੇਂਦੀ।ਆਪਣਾ ਦੁਖ-ਸੁਖ ਫਰੋਲਦੀ ਰਹਿੰਦੀ।

ਹੱਥ ਵਿਚ ਬਸਤਾ ਫੜੀ ਸਕੂਲ ਜਾਂਦੇ ਮੈਂ ਲਾਲੀ ਖੌਰੇ ! ਕਿਉਂ ਮਾਸੀ ਮੋਤੀਆ ਦੇ ਵਿਹੜੇ ਵੱਲ ਝਾਤ ਮਾਰਦੀ ਸਾਂ। ਚੁੱਲ੍ਹੇ ਦੇ ਕੋਲ ਪੀੜੀ ਉੱਤੇ ਬੈਠੀ ਗਿੱਲੀਆਂ ਲੱਕੜਾਂ ਨੂੰ ਫੂਕਾਂ ਮਾਰ-ਮਾਰ ਮਾਸੀ ਮੋਤੀਆ ਫਾਵੀ ਹੋ ਜਾਂਦੀ ਸੀ। ਕੱਚੇ ਵਿਹੜੇ ! ਲਿੰਬ ਪੋਚ ਬੂਹੇ ਦੇ ਇਕ ਪਾਸੇ ਉਸ ਗਲੋਅ ਦੀ ਵੇਲ ਲਗਾਈ ਸੀ। ਗਲੋਅ ਦੇ ਕੂਲੇ-ਕੂਲੇ ਚੌੜੇ ਰੇਸ਼ਮੀ ਸਾਵੇ ਪੱਤੇ ਉਸ ਨੂੰ ਬੜੇ ਚੰਗੇ ਲਗਦੇ ਸਨ। ਤੀਲਿਆਂ ਦੀ ਛੱਤ ਉੱਤੇ ਫੈਲੀ ਗਲੋਅ ਦੀ ਛਾਂ ਹੇਠਾਂ ਮਿਲਖੀ-ਮੋਤੀਆ ਬੈਠਦੇ ਸਨ। ਕਿਸੀ ਆਖਿਆ ਸੀ "ਹਿਸਾਂ ਉਖਾੜੀ ਛੋੜ-ਆਖਨੇ ਨੁ ਘਰੇ 'ਚ ਗਲੋਅ ਨਹਿਸ਼ ਹੋਨੀ ਐ....ਜੇ ਨਾ ਫਲੇ ਤਾਂ ਘਰੇ ਆਂ ਉਜਾੜੀ ਪੁਜਾੜੀ ਛੋੜਨੀ ਐ...."।ਮਾਸੀ ਮੋਤੀਆ ਨੇ ਗਲੋਅ ਨਹੀਂ ਸੀ ਉਖਾੜੀ।

ਬੂਹੇ ਦੇ ਦੂਜੇ ਪਾਸੇ ਉਸ ਅੰਗੂਰਾਂ ਦੀ ਵੇਲ ਲਗਾਈ ਸੀ। ਲਵੀਆਂ-ਲਵੀਆਂ ਫੁਟਦੀਆਂ ਅੰਗੂਰਾਂ ਦੀ ਵੇਲ ਦੀਆਂ ਕਰੂੰਬਲਾਂ ਨੂੰ ਉਸ ਦਾ ਘਰ ਵਾਲਾ ਰੱਸੀਆਂ ਨਾਲ ਬੰਨ ਦੇਂਦਾ।ਉਸ ਨੂੰ ਖਿੱਝ ਤਾਂ ਬਹੁਤ ਆਉਂਦੀ ਪਰ ਬੋਲ ਨਾ ਸਕਦੀ। ਮਿਲਖੀ ਸਾਮਾਨ ਵੇਚ ਕੇ ਆਉਂਦੇ ਹੀ ਖਾਲੀ ਛਾਬਾ ਇਥੇ ਹੀ ਬੂਹੇ ਨਾਲ ਲਾ ਕੇ ਰੱਖਦਾ, ਕਮੀਜ਼ ਪਰ੍ਹਾਂ ਵਗਾਹ ਕੇ ਖਟੋਲੇ ਉੱਤੇ ਗਲੋਅ ਦੀ ਛਾਂ ਵਿਚ ਬੈਠ ਜਾਂਦਾ "ਉਫ਼! ਕਹਿਰੇ ਦੀ ਗਰਮੀ ਐ...ਆਪਣੇ ਪਾਸੇ ਤਾਂ ਹਿੰਨੀ ਗਰਮੀ ਨਾ ਹੋਨੀ ਆਹੀ....। ਮੋਤੀਆ, ਆਈਂ-ਜ਼ਰਾ ਮਲੇਂ ਨਾ ਕੰਡੀ ਆ ਚਿੰਣਗਾਂ ਮਾਰਨੀ ਐ ਹੇ ਸੜੀ ਪਿੱਤ...." ਤੇ ਮੋਤੀਆ ਹੱਥਲੇ ਸਾਰੇ ਕੰਮ ਛੱਡ ਕੇ ਉਸ ਦੀ ਕੰਡ ਦੇ ਪਿੱਛੇ ਬੈਠ ਇਕ ਹੱਥ ਨਾਲ ਉਸ ਨੂੰ ਪੱਖੀ ਝੱਲਦੀ ਤੇ ਦੂਜੇ ਨਾਲ ਮਿਲਖੀ ਦੀ ਪਿੱਠ ਮਲਦੀ— "ਹੱਥ ਦੁਖਨੇ ਨੂ ਮੱਖਾਂ....ਰੋਟੀਆਂ ਤਾਂ ਛੇ-ਛੇ ਡਫਨੀ ਏ.... ਜ਼ਰਾ ਜ਼ੋਰੇਂ ਨਾਲ ਮਲ ਨਾ।"

ਇਕ ਸਵੇਰ ਸਕੂਲ ਜਾਂਦੇ ਮੈਂ ਰੋਜ਼ ਵਾਂਗ ਮਾਸੀ ਮੋਤੀਆ ਦੇ ਵਿਹੜੇ ਵੱਲ ਤਕਿਆ। ਮਿਲਖੀ ਕੁਹਾੜੀ ਨਾਲ ਲੱਕੜਾਂ ਕੱਟ ਰਿਹਾ ਸੀ। ਮਾਸੀ ਮੋਤੀਆ ਦੀ ਅਵਾਜ਼ ਸੀ- "ਮੱਖੇ ਕੇਹ ਸਲੂਣਾ ਬਣਾਵਾਂ....? ਮਿਘੀ ਸਲੂਣੇ ਆਸਤੈ ਪੈਸੇ ਦੇਈ ਵੰਞਣਾ...ਮੈਂਡੇ ਕੋਲ ਕੱਖ ਨ੍ਹੀਂ—"

"ਇਸ ਹਰਾਮਜ਼ਾਦੀ ਨੂੰ ਦਿਹੁੰ ਚੜ੍ਹਦੇ ਹੀ ਢਿਡੇ ਆਂ ਫੂਕਣੇ ਨੀ ਪਈ ਜਾਨੀ ਏ...ਛਾਬਾ ਨੀ ਲਾਇਆ....ਬੂਣੀ ਨ੍ਹੀ ਕੀਤੀ-ਕੁੱਤੀ ਕੁਸੈ ਪਾਸੇ ਨੀ...." ਤੇ ਲੱਕੜਾਂ ਕਟਦੇ ਵਗਾਹ ਕੇ ਟੋਕਾ ਸੁੱਟਿਆ ਸੀ ਮਿਲਖੀ ਨੇ ਮਾਸੀ ਮੋਤੀਆ ਉੱਤੇ, "ਹਾਂ, ਘਿੰਨ ਹੱਛੀ ਤਰ੍ਹਾਂ ਪੈਸੇ ਸਲੂਣੇ ਆਸਤੈ...." ਤੇ ਟੋਕੇ ਨਾਲ ਮਾਸੀ ਦੇ ਮੱਥੇ ਤੋਂ ਮਾਸ ਇੰਜ ਉਤਰਿਆ ਜਿਵੇਂ ਪੁਰਾਣੀ ਕੰਧ ਤੋਂ ਖਰੇਪੜ ਲੱਥਾ ਹੋਏ। ਮਾਸੀ ਨੇ ਮੱਥੇ ਉੱਤੇ ਹੱਥ ਰਖ ਸਿਰਫ 'ਸੀ ਅ ਅ' ਕੀਤਾ ਸੀ। ਮੈਂ ਬਸਤਾ ਡਿਓਢੀ ਵਿਚ ਹੀ ਸੁੱਟ ਮਾਸੀ ਨੂੰ ਧਰੀਕਦੀ ਸਾਹਮਣੇ ਸੜਕ ਦੇ ਪਾਰ ਡਾਕਟਰ ਨੰਦ ਲਾਲ ਕੋਲ ਲੈ ਗਈ ਸਾਂ। ਸਾਰੇ ਰਸਤੇ ਲਹੂ ਦੀ ਇਕ ਲਕੀਰ ਜਿਹੀ ਸੜਕ ਉੱਤੇ ਪੈ ਗਈ ਸੀ। ਹਫ਼ਦੇ ਹਫ਼ਦੇ ਮਾਸੀ ਨੇ ਕਿਹਾ ਸੀ "ਬੂਹੇ ਕੋਲ ਡਿੱਗ ਪਈ ਆਂ— ਤੇ ਕੁੰਡੀ ਸਿਰ ਵਿਚ ਲਗ ਗਈ ਏ" ਮੈਂ ਹੈਰਾਨ ਪਰੇਸ਼ਾਨ ਮਾਸੀ ਦਾ ਚਿਹਰਾ ਹੀ ਨਿਹਾਰਦੀ ਰਹੀ।"ਲਾਲੀ, ਝਾਈ ਨੂੰ ਜਾ ਕੇ ਨਾ ਕਹੀਂ ਚੰਗੀ ਬੱਚੀ ਏਂ ਨਾ ਤੂੰ ਮੇਰੀ- ਜਾ ਸਕੂਲ ਵੰਞ— ਦੇਰ ਹੋ ਵੈਸੀਆ...."

ਮੈਂ ਰੋਣ ਹਾਕੀ ਜਿਹੀ ਹੋ ਗਈ ਸਾਂ "ਮਾਸੀ ਜਦੋਂ ਤੈਨੂੰ ਮਾਸੜ ਮਾਰਦੈ ਨਾ— ਮੇਰਾ ਦਿਲ ਕਰਦੈ ਉਸ ਦਾ ਛਾਬਾ ਟੰਗ ਮਾਰ ਕੇ ਪਰ੍ਹਾਂ ਸੁਟ ਦੇਵਾਂ— ਤੇ ਲੰਮੀ ਬੋਦੀ ਛਿਕ ਕੇ ਦੌੜ ਜਾਵਾਂ"

ਮਾਸੀ ਨੇ ਮੈਨੂੰ ਹਿਕ ਨਾਲ ਚਮੋੜ ਲਿਤਾ ਸੀ "ਹਿੰਞ ਨਾ ਆਖਿਆ ਕਰ ਲਾਲੀ....ਕੇ ਪਤਾ ਹੋਂਦੇ ਨਸੀਬੇਂ ਦਾ— ਮੱਖ, ਕਰਮਾਂ ਦੀ ਖੇਡ....ਆਖਣੇ ਨ ਨਾ ਧੀਆਂ ਦੇ ਦੋ ਜਨਮ ਹੋਣੇ ਨ— ਮੈਂਡਾ ਨੱਕ ਵੀ ਕਦੇ ਬੜਾ ਉੱਚਾ ਆਇਆ...." ਤੇ ਉਸ ਦੀਆਂ ਅੱਖਾਂ ਦਾ ਹੜ ਥੰਮਿਆ ਨਾ ਜਾਂਦਾ "ਚਲ, ਮੱਖਾਂ ਜਾ ਸਕੂਲੇ ਆਂ...."

ਮੱਖਾਂ ! ਉਹ ਕਿਹੜੇ ਅੰਦਾਜ਼ ਨਾਲ ਕਹਿੰਦੀ ਸੀ? ਉਸ ਦੇ ਹੋਂਠ ਭਰ ਜਿਹੇ ਜਾਂਦੇ, ਭਰੇ ਭਰਾਏ ਹੋਠਾਂ ਨਾਲ ਮੁਸਕਰਾਉਂਦੀ ਹੋਰ ਸੋਹਣੀ ਲਗਦੀ। ਮੱਖਾ ! ਕਹਿੰਦੇ ਉਸ ਦੀਆਂ ਨਾਸਾਂ ਵੀ ਫੁਲ ਜਾਂਦੀਆਂ। ਮਿਲਖੀ ਤਾਂ ਉਸ ਨੂੰ ਕਦੀ ਬੂਹੇ ਵਿਚ ਵੀ ਨਹੀਂ ਸੀ ਖਲੋਣ ਦੇਂਦਾ "ਬੂਹੇ 'ਚ ਖੜੋਈ ਕੈ ਹਸਨੀ ਏਂ— ਹੈਂ.....ਕੁਸ ਕੀ ਦਸਣੇ ਨੂ ਇਹ ਚਪੜਖੇ ਦੰਦ.....? ਭੰਨੀ ਨਾ ਛੋੜੇ ਤਾਂ ਕੁਸ ਆਖਣਾ ਮਿਘੀ ਮਿਲਖੀ.....ਅੱਗੇ ਲੋਕ ਆਖਣੇ ਨੁ ਲਗੇਨ ਤੁਗੀ ਮੋਤੀ....ਜੇ ਮੈਂਡੇ ਘਰੇ ਆਲੀ ਨਾ ਦਿਸ ਨੀ ਰੰਡ ਕੁੱਸੈ ਪਾਸੇ ਦੀ...."

ਹਰ ਵੇਲੇ ਸ਼ਕ ਕਰਦਾ ਰਹਿੰਦਾ ਮਿਲਖੀ, ਕਿਸੀ ਨਾਲ ਗੱਲ ਕਰਦੀ ਤਾਂ ਗਾਹਲਾਂ, ਕਿਸੀ ਆਂਢੀ-ਗੁਆਂਢੀ ਦੇ ਘਰ ਬੈਠ ਜਾਂਦੀ ਤਾਂ ਮਾਰ....। ਲਾਲੀ ਦੀ ਮਾਂ ਨਾਲ ਹੀ ਸਾਥ ਸੀ....। ਮੋਤੀਆ ਵਿਚਾਰੀ ਨੂੰ ਕਦੇ ਨਵਾਂ ਕਪੜਾ ਤਾਂ ਜੁੜਿਆ ਹੀ ਨਹੀਂ ਸੀ ਜੇ ਕਿਧਰੇ ਛੀਟ ਦਾ ਧੋਤਾ ਸਾਫ਼ ਕਪੜਾ ਪਾ ਲਏ ਤਾਂ ਸ਼ਾਮਤ ਆ ਜਾਂਦੀ— "ਕਿਹੜੇ ਯਾਰੇਂ ਕੀ ਦਸਣਾ ਈ ਬਣ-ਠਣ ਬੋਹਦੀ ਹੈ.....ਕੰਜਰੀ ਕੁੱਸੈ ਪਾਸੇ ਨੀ...."

ਉਫ਼ ! ਉਹਦੋਂ ਮਲਮਲ ਦੀ ਚੁੰਨੀ ਨੂੰ ਖੁੰਗੀ ਲਗੀ ਤਾਂ ਕਿਤਨੀ ਮਾਰ ਪਈ ਸੀ ਉਸਨੂੰ —"ਹਿਸ ਹਰਾਮਣ ਗੀ ਕੇਹ ਕੋਈ ਕਪੜਾ ਆਣੀ ਦੇਏ.....ਸ਼ਈ ਨਾ ਪਾਣਾ ਨ੍ਹੀ ਆਂਦਾ— ਸ਼ਈ ਨਾ ਲਾਣਾ ਨ੍ਹੀ ਆਂਦਾ....ਨਵੀਂ ਚੁੰਨੀ ਫਾੜੀ ਛੋੜੀਸ....ਕਮਾਣ ਆਲੇ ਕੀ ਪਤਾ ਲਗਨੈ ਨਾ-ਘਿੰਝ ਹੋਂਦੀ ਏ ਕਮਾਈ" ਤੇ ਉਸ ਛਾਬੇ ਵਿਚੋਂ ਸੇਰ ਦਾ ਵੱਟਾ ਚੁੱਕ ਉਸ ਦੇ ਸਿਰ ਵੱਲ ਵਗਾਹ ਮਾਰਿਆ ਸੀ। ਜੇ ਉਹ ਅਗੇ ਹੱਥ ਦੇ ਕੇ ਰੋਕਦੀ ਨਾ ਤਾਂ ਉਸ ਦਾ ਸਿਰ ਹੀ ਫਟ ਜਾਂਦਾ। ਉਹ ਰੋਂਦੀ-ਰੋਂਦੀ ਤਲੀ ਦਬਾਂਦੀ ਲਾਲੀ ਦੀ ਮਾਂ ਕੋਲ ਆ ਬੈਠੀ ਸੀ ਤੇ ਸੇਰ ਦੇ ਲੋਹੇ ਦੇ ਵੱਟੇ ਨਾਲ ਕੋਠੜੀ ਦੀ ਕੱਚੀ ਜ਼ਮੀਨ ਉੱਤੇ ਡੂੰਘਾ ਟੋਇਆ ਪੈ ਗਿਆ ਸੀ।

ਕੋਠੜੀ-ਵਿਹੜਾ ਲੰਘ ਕੇ ਅੰਦਰ ਇਕ ਕੋਠੜੀ ਸੀ ਲੰਮ-ਸ-ਲੰਮਾ ਇਕੋ ਕਮਰਾ, ਸਾਫ਼ ਸੁਧਰਾ ਮਿੱਟੀ ਨਾਲ ਪੋਚਿਆ ਹੋਇਆ। ਹਨ੍ਹੇਰਾ-ਹਨ੍ਹੇਰਾ, ਸਾਹਮਣੇ ਕਾਨਸ ਉੱਤੇ ਲਾਲ-ਪੀਲੇ ਕਢੇ ਹੋਏ ਫੁੱਲਾਂ ਵਾਲੇ ਕਪੜੇ ਉੱਤੇ ਕੱਚ ਦੇ ਗਿਲਾਸ, ਪਲੇਟਾਂ, ਕਟੋਰੀਆਂ ਸਜੀਆਂ ਹੋਈਆਂ। ਇਕ ਨੁੱਕਰ ਵਿਚ ਚਿੱਟੇ ਕੱਪੜਿਆਂ ਨਾਲ ਢਕੇ ਦੋ ਤਿੰਨ ਪੁਰਾਣੇ ਟਰੰਕ, ਛੱਤ ਨਾਲ ਦੋ ਰੱਸੀਆਂ ਦੀ ਜਕੜ ਨਾਲ ਲਟਕਦਾ ਡੰਡਾ ਤੇ ਡੰਡੇ ਉੱਤੇ ਰਖੀਆਂ ਰਜ਼ਾਈਆਂ, ਤੁਲਾਈਆਂ, ਖੇਸ, ਦਰੀਆਂ। ਕੋਠੜੀ ਵਿਚ ਤਿੰਨ ਮੰਜੀਆਂ, ਦੋ ਜੁੜੀਆਂ ਹੋਈਆਂ ਤੇ ਇਕ ਜ਼ਰਾ ਪਰ੍ਹੇ ਉਸ ਦੀ ਸੱਸ ਦੀ ਮੰਜੀ ਸੀ। ਸੱਸ ਤਾਂ ਕਈ ਵਾਰ ਬੱਚੇ ਦਾ ਮਿਹਣਾ ਮਾਰ ਚੁੱਕੀ ਸੀ।

"ਹੋਰ ਦੇਖ ਲੈਨੀਆਂ ਥੋੜ੍ਹਾ ਚਿਰ....ਆਪਣੇ ਮਿਲਖੀ ਦਾ ਦੂਜਾ ਕਾਜ ਕਰਾਈ ਛੋੜਸਾਂ....ਹਿਕ ਉਹ ਕਾਲ ਕਲੂਟ...ਧੰਨੀ ਕੁੜੀਆਂ ਦੀ ਜੰਮਦੀ ਵੈਂਦੀ ਏ ਰੰਡਾਂ....ਹਰ ਸਾਲ ਪੱਥਰ ਮਾਰਦੀ ਏ....ਮੈਂਡੇ ਸਿਰ ਚ....ਹੇ ਹਿਕ ਏ ਹੱਟੀ ਕੱਟੀ ਇਸੀ ਮੋਤੜੀ ਪਈ ਏ.....ਸੁਕੜ....ਮਾਂ ਨੇ ਸਾਡੇ ਗੱਲ ਮੜੀ ਦਿੱਤੀ ਏ— ਕੋਈ ਨਾਂ ਭੀ ਨਾ ਲੈਸੀ ਮੈਂਡੇ ਪੁੱਤਰ ਨਾ....ਕੁਲ ਤੇ ਨਾ ਨਾ ਡੋਬਣੀ। ਕੋਈ ਵਾਰਸ ਤੇ ਹੋਏ"

ਮੋਤੀਆ ਦੀ ਸੱਸ ਨੇ ਪੀਰ-ਫਕੀਰ, ਡਾਕਟਰ, ਨਰਸਾਂ, ਦਾਈਆਂ, ਧਾਗੇ-ਤਵੀਤ, ਝਾੜੇ-ਫੂਕੇ ਕੋਈ ਵੀ ਤਾਂ ਦਰ ਨਹੀਂ ਸੀ ਛੱਡਿਆ। ਮੋਤੀਆ ਜਾਣਦੀ-ਬੁਝਦੀ ਵੀ ਜ਼ਬਾਨ ਨਾ ਖੋਹਲ ਸਕੀ "ਆਪਣੇ ਪੁੱਤਰੇ ਆਂ ਬੀ ਡਾਕਟਰੇ ਗੀ ਦਸੀ ਲੈ। ਪੁੱਤਰ ਬਾਰੇ ਸ਼ੱਕ ਹੁੰਦੇ ਵੀ ਉਹ ਮੋਤੀਆ ਨੂੰ ਹੀ ਕੋਸਦੀ। ਕਈ ਵਾਰੀ ਉਸ ਗਲੋਅ ਦੀਆਂ ਜੜ੍ਹਾਂ ਪੁੱਟੀਆਂ "ਹਿਸੇ ਕਰੀ ਨਾ ਵਧਨਾ ਫੁਲਨਾ...."

ਪਰ ਮਿਲਖੀ ਫੇਰ ਗਲੋਅ ਲਗਾ ਦੇਂਦਾ "ਮੱਖੇ...ਬੇਬੇ....ਬਹੁੰ ਵਹਿਮ ਨਾ ਕਰਿਆ ਕਰ। ਕੋਠੜੀ ਦੇ ਬੂਹੇ ਦੇ ਸਾਹਮਣੇ ਇਕ ਲੰਮੀ ਇੱਟ ਪੁੱਟੀ ਹੋਈ ਸੀ ਸਾਂਝੀ ਕੰਧ ਦੂਜੇ ਘਰ ਮਿਲਖੀ ਦਾ ਭਰਾ ਤੇ ਭਰਜਾਈ ਧੰਨੀ ਰਹਿੰਦੇ ਸਨ ਤੇ ਮੋਤੀਆ ਆਪਣੀ ਦਿਉਰਾਣੀ ਧੰਨੀ ਨਾਲ ਸਲੂਣੇ ਦੀਆਂ ਕਟੋਰੀਆਂ ਵਟਾ ਲੈਂਦੀ, ਗੱਲਬਾਤ ਕਰ ਲੈਂਦੀ ਕੰਧ ਦੇ ਪਰਲੇ ਪਾਸੇ।

ਇਕ ਦਿਨ ਮਾਸੀ ਮਾਂ ਕੋਲ ਦੌੜਦੀ ਦੌੜਦੀ ਆਈ। "ਭੈਣ.....ਹੇ ਭੈਣ ਰਾਮ...." ਤੇ ਉਹ ਦੋਹੇਂ ਤਲੀਆਂ ਮਲ ਰਹੀ ਸੀ। "ਮੱਖਾਂ ਲਾਲੀ ਕਿੱਥੇ ਐ.....?"

"ਹੁਣੇ ਆਈ ਏ ਕਾਲਜ ਤੋਂ....ਪਿਛਲੇ ਕਮਰੇ 'ਚ ਹੋਸੀ...."

"ਮੈਂਡੀ ਗਲ ਤਾਂ ਨਾ ਸੁਣਸੀ ਨਾ ?"

"ਹਾਂ ਬੋਲ....' ਮਾਂ ਨੇ ਅੰਦਰ ਵੱਲ ਝਾਤੀ ਮਾਰਦੇ ਕਿਹਾ।

ਮੈਂ ਦਰਵਾਜ਼ੇ ਪਿੱਛੇ ਅਲਮਾਰੀ ਵਿਚ ਕਿਤਾਬਾਂ ਰੱਖ ਰਹੀ ਸਾਂ।

"ਹਾਏ ! ਡਾਹਢਾ ਗ਼ਜ਼ਬ.....। ਕੁੱਥੇ ਭੁਗਤਸੇ ਦੰਨੀ ਬੰਦੜੀਏ....! ਕਿਹਡੀ ਅੱਗ ਐ ਤੁਗੀ....ਸ਼ਕਲ ਤਾਂ ਤਕ....ਕਾਲੀ ਸਿਆਹ ਠੁਬਲ ਜਿਹੀ....। ਭੈਣ, ਛੋਟੀ ਕੁੜੀ ਰੋਈ ਜਾਏ— ਰੋਈ ਜਾਏ....ਮੈਂ ਅਵਾਜ਼ ਦਿੱਤੀ, ਮੱਖਾ ਧੰਨੀਏ ਕੁੜੀ ਕਿਉਂ ਰੁਆਨੀ ਪੇਈਂ ਏ....? ਠੀਕ ਤਾਂ ਹੈ ਨਾ....? ਫਾਵੀ ਹੋ ਗਈ ਕੁੜੀ ਰੋ ਰੋ ਕੇ। ਤੇ ਭੈਣ ਅੱਖਾਂ ਸੜਨ ਮੈਂਡੀਆਂ.... ਕੇਹ ਡਿੱਠਾ..... ਕਮਰੇ ਵਿਚੋਂ ਚਾਚਾ ਮੁਰਾਰੀ ਲਾਂਗੜ ਦੀ ਗੰਢ ਬੰਨਦਾ ਨਿਕਲਿਆ....ਹਾਏ ! ਨਿਗਾਰ ਕੁਠੀਏ, ਹੇ ਕੈਹ?" ਤੇ ਉਹ ਦੋਹੇਂ ਹੱਥ ਮਲਦੀ ਨੇ ਪਹਿਲਾਂ ਕੰਨਾਂ ਨੂੰ ਹੱਥ ਲਾਇਆ ਫੇਰ ਧਰਤੀ ਨਾਲ ਅੱਖਾਂ ਜੋੜ ਲਈਆਂ— "ਮਿਘੀ ਤਾਂ ਸਹੁੰ ਰਬ ਦੀ ਕਦੇ ਘਰੇ ਆਲੇ ਦਿਨ ਨੂੰ ਨਹੀਂ....!"

ਕੋਠੜੀ ਵਿਚ ਸਾਹਮਣੇ ਤਿਪਾਈ ਉੱਤੇ ਪਈ ਲਾਲਟੈਣ ਦੇ ਚਮਕਦੇ ਸ਼ੀਸ਼ੇ ਵਿਚੋਂ ਸੜੀ ਹੋਈ ਬੱਤੀ, ਸੜ ਕੇ ਵੀ ਸਿਰ ਉੱਚਾ ਚੁੱਕੀ ਖਲੋਤੀ ਰਹਿੰਦੀ। ਰਾਤੀ ਜ਼ਰਾ ਖੜਾਕ ਹੁੰਦੇ ਹੀ ਉਸ ਦੀ ਸੱਸ ਲਾਲਟੈਣ ਦੀ ਬੱਤੀ ਉੱਚੀ ਕਰ ਦੇਂਦੀ ਸੀ, ਉੱਚੇ-ਉੱਚੇ ਸਾਹ ਲੈਣ ਲੱਗ ਪੈਂਦੀ ਸੀ। ਸਵੇਰੇ ਸਾਰਾ ਗੁੱਸਾ ਮਿਲਖੀ ਮੋਤੀਆ ਉੱਤੇ ਕਢਦਾ, ਉਸ ਦੀ ਸ਼ਾਮਤ ਆ ਜਾਂਦੀ। ਉਸ ਦੇ ਮ੍ਰਿਗ ਨੈਣ ਦਹਿਲ ਕੇ ਸਹਿਮ ਜਾਂਦੇ। "ਤੈਂਡੀ ਚਿੱਟੀ ਚਮੜੀ ਸਾੜੀ ਛੋੜਸਾਂ—ਬਹੁ ਮਾਣ ਐ ਨਾ ਤੁਗੀ?"

"ਮਾਸੀ ਤੂੰ ਡਮਣੀ ਚੁੱਕ ਕੇ ਮਾਸੜ ਦੇ ਸਿਰ ਵਿਚ ਹਿਕ ਵਾਰੀ ਮਾਰ ਵਤ ਨਾ ਮਾਰਸੀਆ" ਮੈਂ ਕਹਿੰਦੀ ਤਾਂ ਉਹ ਠੰਡਾ ਸਾਹ ਭਰ ਕੇ ਮੇਰੇ ਵਲ ਵੇਖਦੀ "ਹਿੰਝ ਨਾ ਆਖ— ਫੇਰ ਕੁੱਥੇ ਵੰਞਸਾਂ....ਕਦੇ ਜ਼ਨਾਨੀ ਵੀ ਹੱਥ ਚੁਕਦੀ ਏ....? ਵਾਹਿਗੁਰੂ ਵਾਹਿਗੁਰੂ ਕੈਹ....ਰਬ ਤੁਗੀ ਭਾਗ ਲਾਏ....ਚੰਗਾ ਵਰ-ਘਰ ਮਿਲੈ"....

"ਨਹੀਂ ਤਾਂ ਮੈ ਦੂਖ ਨਿਵਾਰਨ ਸਰੋਵਰ ਵਿਚ ਡੁਬ ਜਾਸਾਂ....ਇਹੋ ਜਿਹੀ ਜ਼ਿੰਦਗੀ ਤੋ ਤਾਂ...."

"ਮਰਨਾ ਕਿਹੜਾ ਸੋਖਾ ਧੀਏ।" ਉਹ ਮੇਰਾ ਸਿਰ ਪਲੋਸਦੀ ਸੀ।

ਇਵੇਂ ਹੀ ਭਾਣਾ ਵਰਤਿਆ ਇਕ ਦਿਨ, ਮਿਲਖੀ ਛਾਬੇ ਸਮੇਤ ਬਜ਼ਾਰ ਵਿਚ ਹੀ ਡਿਗ ਪਿਆ। ਮੂੰਹ ਵਿਚੋਂ ਝਗ ਛਡਦਾ.....ਬੇਹੋਸ਼....। ਸੜਕ ਦੇ ਪਾਰ ਵਾਲੇ ਡਾ. ਨੰਦ ਲਾਲ ਦਾ ਸ਼ੱਕ ਠੀਕ ਹੀ ਨਿਕਲਿਆ। ਮਿਲਖੀ ਦੀ ਲੱਤ ਉੱਤੇ ਪਾਗ਼ਲ ਕੁੱਤੇ ਨੇ ਵੱਢਿਆ ਸੀ ਪਰ ਉਸ ਗੌਲਿਆ ਨਾ। ਉਹ ਪਾਗ਼ਲਾਂ ਵਾਂਗ ਗਾਹਲਾਂ ਕੱਢਦਾ, ਉਲੂ-ਜਲੂਲ ਬਕਦਾ। ਮੂੰਹ

ਵਿਚੋਂ ਝਗ ਨਿਕਲਦੀ, ਕਤੂਰਿਆਂ ਵਾਂਗ 'ਚਊਂ-ਚਊਂ ਕਰਦਾ ਰਹਿੰਦਾ। ਉਹਦੇ ਢਿੱਢ ਵਿਚ ਕਈ ਟੀਕੇ ਲਗੇ- ਉਹ ਹਰ ਵੇਲੇ ਮੋਤੀਆ ਨੂੰ ਬੁਲਾਉਂਦਾ "ਮੋਤੀਆ...... ਹੇ ਮੈਂਡੇ ਮੋਤੇ......ਮੋਤੀਆ ਜੀ......ਹਿੱਕ ਵਾਰੀ ਮੈਂਡੇ ਕੋਲ ਆ ਵੰਞ...... ਹਿਕ ਵਾਰੀ ਆ ਜਾ, ਤੁਗੀ ਕੁਝ ਨਾ ਕਹਿਨਾ......ਮਿਘੀ ਹਿਕ ਵਾਰੀ।" ਉਹ ਸ਼ਰਮਸਾਰ ਹੋਈ ਇਕ ਗੋਡੇ ਨੂੰ ਧਰਤੀ ਨਾਲ ਜੋੜ ਦੂਜੇ ਖੜ੍ਹੇ ਗੋਡੇ ਉੱਤੇ ਠੋਡੀ ਰੱਖ ਰੋਂਦੀ ਰਹਿੰਦੀ। ਕੁਝ ਦਿਨਾਂ ਬਾਅਦ ਆਉਣ ਵਾਲੀ ਘੜੀ ਦੀ ਡਾਕਟਰ ਨੇ ਚਿਤਾਵਨੀ ਦੇ ਦਿੱਤੀ ਸੀ।

ਕਿਹੋ ਜਿਹੇ ਦਿਨ ਸਨ—? ਹਰ ਵੇਲੇ ਲੋਕਾਂ ਦੀ ਭੀੜ ਮਿਲਖੀ ਨੂੰ ਵੇਖਣ ਲਈ ਲਗੀ ਰਹਿੰਦੀ ਸੀ। ਕੋਈ ਹਮਦਰਦ......ਕੋਈ ਤਮਾਸ਼ਬੀਨ......ਤੇ ਮਾਸੀ ਮੋਤੀਆ ਮੂੰਹ ਉੱਤੇ ਹੱਥ ਧਰੀ ਪੱਥਰ ਦੀ ਮੂਰਤੀ ਜਿਹੀ ਹਰ ਚਿਹਰੇ ਨੂੰ ਵੇਖਦੀ.....ਗਲਾਂ ਸੁਣਦੀ।

ਮਿਲਖੀ ਤਰਲੇ ਕਰਦਾ......ਮਾਫੀਆਂ ਮੰਗਦਾ ਜਦੋਂ ਥੱਕ ਜਾਂਦਾ ਤਾਂ ਬੂਹੇ ਦੀ ਝੀਥ ਕੋਲ ਮੂੰਹ ਕਰ ਕੇ ਗੰਦੀਆਂ ਗਾਹਲਾਂ ਬਕਦਾ, ਉਸ ਦੇ ਅਗਲੇ-ਪਿਛਲੇ ਪੁਣ ਛਡਦਾ—"ਮਿਘੀ ਹਿਕ ਵਾਰ ਬਾਹਰ ਆਣ ਦੇ......ਤੈਂਡੀ ਚਿੱਟੀ ਚਮੜੀ ਉਧੇੜ ਛੋੜਸਾਂ—ਧਾਰਾਂ ਕੋਲ ਵੈਣਾ ਹੋਸੀਆ—ਜਿਹੜੇ ਆਖਨੇ ਨ ਮੋਤੀ ਦਾਨ ਕੀਤੇ ਤੂੰ, ਹਿਓ ਜਿਹੀ ਵਹੁਟੀ ਮਿਲੀ......ਤੂੰ ਮਾਰੀ ਮਾਰੀ ਖਲ ਉਧੇੜ ਛੋੜੀ ਏ ਸ਼ੋਹਦੀ ਨੀ"

ਕੋਠੜੀ ਵਿਚ ਰੋਟੀ ਪਾਣੀ ਰਖਦੈ ਉਸ ਮੋਤੀਆ ਦੀ ਬਾਂਹ ਐਸੀ ਪਕੜੀ ਕਿ ਛੁਡਾਉਣੀ ਮੁਸ਼ਕਲ ਹੋ ਗਈ। ਕੋਠੜੀ ਵਿਚ ਪਏ ਬਿਸਤਰੇ ਉਸ ਲੀਰੋ ਲੀਰ ਕਰ ਦਿੱਤੇ। ਕਾਨਸ ਉੱਤੇ ਸਜੇ ਭਾਂਡੇ ਸਭ ਤੋੜ ਦਿੱਤੇ। ਕਮਰੇ ਦੀਆਂ ਝੀਥਾਂ ਵਿੱਚੋਂ ਬੋਅ ਬਾਹਰ ਆਉਂਦੀ-ਮੋਤੀਆ ਦਾ ਨੱਕ ਸੜ ਜਾਂਦਾ। ਛੋਟੇ ਭਰਾ ਨੇ ਵੀ ਆਪਣੇ ਪਾਸੇ ਤੋਂ ਕੰਧ ਵਿਚ ਇੱਟ ਲਗਾ ਦਿੱਤੀ। ਮਿਲਖੀ ਤਾਂ ਪੁਟੀ ਹੋਈ ਇੱਟ ਦੇ ਅੱਗੇ ਮੂੰਹ ਰੱਖ ਕੁੱਤਿਆਂ ਵਾਂਗ ਭੌਂਕਦਾ ਸੀ।

ਇਕ ਦਿਨ ਸਵੇਰੇ ਮਿਲਖੀ ਦੀ ਕੋਠੜੀ ਵਿਚੋਂ ਅਵਾਜ਼ ਆਉਣੀ ਬੰਦ ਹੋ ਗਈ। ਮਾਸੀ ਮੋਤੀਆ ਦੇ ਸਿਰ ਤੋਂ ਫਟੀ ਹੋਈ ਚੁੰਨੀ ਵੀ ਉਤਰ ਗਈ। ਉਹ ਸਿਰੋਂ ਨੰਗੀ ਹੋ ਗਈ ਸੀ। ਬਿਰਾਦਰੀ ਦੇ ਚੌਧਰੀ ਚਾਚੇ ਮੁਰਾਰੀ ਨੇ ਕਿਹਾ ਸੀ 'ਹਿਥੈ ਘਰੇ 'ਚ ਰਹੇ, ਅੰਨੀ ਚਾਚੀ ਦੀ ਸੇਵਾ ਕਰੇ......ਮੈਂਡਾ ਘਰ ਭੀ ਵਸ ਜਾਸੀ......ਘਰੇ ਦੀ ਇਜ਼ਤ ਘਰੇ 'ਚ ਹੀ......"

"ਨਾ ਜੀ......ਲੋਕੇਂ ਦੇ ਭਾਂਡੇ ਟੀਂਡੇ ਮਾਜੀ ਐ ਦੋ ਟੁਕਰ ਖਾ ਲੈਸਾਂ"

ਮਾਸੀ ਮੋਤੀਆ ਸਾਡੇ ਘਰ ਵੀਹ ਚੱਕਰ ਮਾਰਦੀ "ਮਿਘੀ ਤਾਂ ਘਰ ਖਾਣੇ ਕੀ ਦੌੜਦੈ ਮੱਖਾਂ......! ਉਹ ਜਾਣੇ ਸਿਰ ਦੇ ਸਾਂਈਂ ਨਾਲ ਘਰ ਤਾਂ ਵਸਨਾ ਆਇਆ" ਉਹ ਰੋਂਦੀ ਕਹਿੰਦੀ।

"ਸ਼ੁਕਰ ਨੀ ਕਰਦੀ ਮਾਸੀ ਤੂੰ ਮਾਰਾਂ ਤੋਂ ਬਚੀ ਏਂ......"

"ਹਿੰਞ ਨਾ ਆਖ...... ਰਬ ਦੀ ਮਾਰ ਆਸਤੈ ਕਿਸ ਨੂੰ ਆਖਾਂ, ਮੱਖੇ!............

****

ਮੇਰੇ ਵਿਆਹ ਵਿਚ ਕਾਰ ਮੁਖ਼ਤਿਆਰ ਹੀ ਮਾਸੀ ਮੋਤੀਆ ਸੀ। ਉਸ ਨੇ ਰਸੋਈ ਦਾ ਸਾਰਾ ਕੰਮ ਸੰਭਾਲਿਆ ਸੀ। ਹਫ਼ਤਾ ਪਹਿਲਾਂ ਹੀ ਉਸ ਨੇ ਮੱਠੀਆਂ, ਸ਼ਕਰ-ਪਾਰੇ, ਨੁਗਦੀ ਸਭ ਬਣਾ ਕੇ ਟੀਨ ਭਰ ਲਏ ਸਨ। ਚਾਂਈਂ-ਚਾਂਈਂ ਮਟਕਦੀ ਸਾਰਾ ਕੰਮ ਨਿਭਾਉਂਦੀ ਜਿਵੇਂ ਉਸ ਦੀ ਆਪਣੀ ਜਾਈ ਦਾ ਵਿਆਹ ਹੋਏ।

ਘਰ ਵਿਚ ਥੋੜ੍ਹੀ ਹਫੜਾ-ਦਫੜੀ ਪਈ ਸੀ। ਗੱਡੀ ਜਿਸ ਉੱਤੇ ਜੰਞ ਆਉਣੀ ਸੀ ਦੇ ਪਹੁੰਚਣ ਦਾ ਵੇਲਾ ਸੀ। ਵਡਿਆਂ ਨੇ ਸਟੇਸ਼ਨ ਜਾਣਾ ਸੀ, ਹੋਟਲ ਜੰਞ ਰੁਕਵਾਣੀ ਸੀ, ਖਾਣ-ਪੀਣ ਦਾ ਇੰਤਜ਼ਾਮ ਕਰਨਾ ਸੀ।

ਮੈਂ ਸਹੇਲੀਆਂ ਵਿਚ ਘਿਰੀ ਸਾਂ। ਕੁੜੀਆਂ ਨੇ ਸ਼ੋਰ-ਸ਼ਰਾਬਾ ਮਚਾਇਆ ਸੀ। ਮਾਸੀ ਮੋਤੀਆ ਨਵਾਂ ਸੂਟ ਪਾ ਕੇ ਸੱਜ-ਧਜ ਮੇਰੇ ਕੋਲ ਬੈਠ ਕੰਨ ਵਿਚ ਕਹਿਣ ਲਗੀ— "ਆਪੂੰ ਵੇਖਸਣ ਰੋਟੀ ਸੋਟੀ......ਮਿਘੀ ਤਾਂ ਪਹਿਲੇ ਤੇਰਾ ਮਹਾਰਾਜ ਵੇਖਣ ਜਾਣੈ ਲਾਲੀ......ਜੇ ਕੁਧਰੇ ਤੈਂਡੇ ਮਾਸੜ ਆਂਗਰ......ਭੈੜਾ ਭੜਥਾ......ਫੇਰ?"

"ਦੁਖ ਨਿਵਾਰਨ ਦੇ ਸਰੋਵਰ......" ਤੇ ਉਸ ਮੇਰੇ ਮੂੰਹ ਅੱਗੇ ਹੱਥ ਰਖ ਦਿੱਤਾ, "ਮੱਖਾਂ! ਬਹੁ ਚੱਤੋ ਨਾ ਕਰਿਆ ਕਰ......ਸੁਖਾਂ ਨਾਲ......"

ਤੇ ਹੋਟਲ ਤੋਂ ਵਾਪਸ ਆ ਕੇ ਉਸ ਨੇ ਜ਼ੋਰ ਦੀ ਤਾੜੀ ਮਾਰ ਕੇ ਇਕ ਭੁਆਂਟਣੀ ਲਈ ਤੇ ਝੂੰਮਦੀ ਨੇ ਹੱਸਦੇ ਹੱਸਦੇ ਸਿਰ ਹਿਲਾਇਆ ਤੇ ਅੰਗੂਠਾ ਤੇ ਪਹਿਲੀ ਉਂਗਲੀ ਜੋੜ ਕੇ ਅੱਖ ਮਾਰੀ।

ਮੈਂ ਝੇਂਪ ਜਿਹੀ ਗਈ ਸਾਂ, ਕੁੜੀਆਂ ਹੋਰ ਮਚਲੀਆਂ, ਹੋਰ ਸ਼ੋਰ ਮਚਾਇਆ ਸੀ।

****

ਇਕਦਮ ਬਿਜਲੀ ਆਈ। ਚਾਨਣ-ਚਾਨਣ ਪਸਰਿਆ। ਮੈਂ ਯਾਦਾਂ ਦੇ ਕਿਹੜੇ ਭੁੱਲੇ ਵਿਸਰੇ ਪਲੰਦਿਆਂ ਹੇਠਾਂ ਦਬ ਗਈ ਸਾਂ? ਸਾਹਮਣੇ ਤਾਂ ਨਵਾਂ ਬਣਿਆ ਪੱਕਾ ਸੋਹਣਾ ਸੰਗਮਰਮਰ ਦੇ ਫਰਸ਼ ਵਾਲਾ ਘਰ ਸੀ। ਮੈਂ ਸਿਰ ਛੰਡਿਆਂ ਤੇ ਮਾਂ ਦੇ ਘਰ ਦੀਆਂ ਪੌੜੀਆਂ ਚੜ੍ਹ ਗਈ।

****

**ਮਾਂ ਬੋਲੀ ਪੰਜਾਬੀ ਜੇ ਭੁੱਲ ਜਾਵੋਗੇ**
**ਕੱਖਾਂ ਵਾਂਗੂ ਰੁੱਲ ਜਾਵੋਗੇ**

# ਪੰਜਾਬ ਵਿਚ ਆਰਥਿਕ ਤਬਦੀਲੀ ਤੋਂ ਬਿਨਾਂ ਹੋਰ ਕੋਈ ਰਸਤਾ ਨਹੀਂ



ਪੰਜਾਬ ਸਮੱਸਿਆ ਦੀਆਂ ਤਿੰਨ ਬੁਨਿਆਦਾਂ ਹਨ। ਪਹਿਲੀ ਇਹ ਕਿ ਪੰਜਾਬ ਵਿਚ ਤਿੰਨ ਵੱਡੇ ਭਾਈਚਾਰੇ ਵਸਦੇ ਹਨ-ਮੁਸਲਮਾਨ, ਹਿੰਦੂ ਤੇ ਸਿੱਖ। ਇਹ ਅਲੱਗ-ਅਲੱਗ ਹੀ ਰਹੇ। ਇਕੱਠੇ ਹੋ ਕੇ ਇਕ ਕੌਮ ਨਹੀਂ ਬਣੇ। ਦੂਜੀ ਬੁਨਿਆਦ ਹੈ ਕਿ ਸਿੱਖ ਪੰਜਾਬ ਦੀ ਇਕ ਘੱਟ-ਗਿਣਤੀ ਹੋਣ ਦੇ ਬਾਵਜੂਦ ਪੰਜਾਬ ਦੀ ਚਿੰਤਾ ਕਰਦੇ ਰਹੇ। ਪੰਜਾਬ ਲਈ ਲੜਦੇ ਰਹੇ। ਕੁਰਬਾਨੀ ਦਿੰਦੇ ਰਹੇ। ਪਰ ਦੂਜੇ ਦੋਵਾਂ ਭਾਈਚਾਰਿਆਂ ਨੇ ਸਿੱਖ-ਭਾਈਚਾਰੇ ਦੀ ਦੇਣ ਦਾ ਅਹਿਸਾਨ ਮੰਨਣ ਦੀ ਥਾਂ ਉਨ੍ਹਾਂ ਦੀ ਆਲੋਚਨਾ ਹੀ ਕੀਤੀ। ਇਥੋਂ ਤੱਕ ਕਿ ਉਨ੍ਹਾਂ ਉਤੇ 'ਗੱਦਾਰ' ਹੋਣ ਦੀ ਤੋਹਮਤ ਵੀ ਲਾਉਂਦੇ ਰਹੇ। ਤੀਜੀ ਬੁਨਿਆਦ ਹੈ ਕਿ ਪੰਜਾਬ ਭਾਰਤ ਦਾ ਇਕ ਹਿੱਸਾ ਹੈ। ਸਿੱਖ ਭਾਈਚਾਰੇ ਦੀ ਅਤੇ ਸਮੁੱਚੇ ਪੰਜਾਬ ਦੀ ਭਾਰਤ ਨੂੰ ਬਹੁਤ ਵੱਡੀ ਦੇਣ ਹੈ। ਪੰਜਾਬ ਅਣਵੰਡੇ ਭਾਰਤ ਦੀ ਅਤੇ ਪਿਛੋਂ ਦੇ ਭਾਰਤ ਦੀ ਖੜਗ-ਭੁਜਾ ਬਣਿਆ ਰਿਹਾ। 1965 ਤੋਂ ਅੱਜ ਤੱਕ ਸਮੁੱਚੇ ਭਾਰਤ ਦੇ ਅੰਨ ਭੰਡਾਰ ਵਿਚ ਨਿੱਕੇ ਜਿਹੇ ਪੰਜਾਬੀ ਸੂਬੇ ਵੱਲੋਂ ਬਾਕੀ ਸਭ ਸੂਬਿਆਂ ਨਾਲੋਂ ਵੱਧ ਹਿੱਸਾ ਪਾਇਆ ਜਾ ਰਿਹਾ ਹੈ। ਪਰ ਇਸ ਵੱਡੀ ਦੇਣ ਦਾ ਵੀ ਕੋਈ ਅਹਿਸਾਨ ਤਾਂ ਕੀ ਮੰਨਣਾ ਹੈ, ਪੰਜਾਬ ਨੂੰ ਉਸ ਦਾ ਮਿਲਦਾ ਹੱਕ ਵੀ ਨਹੀਂ ਦਿੱਤਾ ਜਾ ਰਿਹਾ। ਸੁਭਾਵਿਕ ਹੀ ਸਿੱਖ ਭਾਈਚਾਰਾ, ਜੋ ਆਪਣੇ-ਆਪ ਨੂੰ ਪੰਜਾਬ ਦਾ ਪ੍ਰਤੀਨਿਧ ਸਮਝਦਾ ਹੈ, ਠੱਗਿਆ-ਠੱਗਿਆ ਮਹਿਸੂਸ ਕਰ ਰਿਹਾ ਹੈ। ਉਸ ਨੂੰ ਇਹ ਚੋਭ ਮਹਿਸੂਸ ਹੋ ਰਹੀ ਹੈ ਕਿ ਸਾਡੇ ਨਾਲ ਵਿਤਕਰਾ ਹੋ ਰਿਹਾ ਹੈ।



ਪਿਆਰਾ ਸਿੰਘ ਭੋਗਲ

**ਪੰਜਾਬ ਦਾ ਭਾਰਤ ਨੂੰ ਤੋਹਫ਼ਾ** - 'ਕੈਂਬਰਿਜ ਹਿਸਟਰੀ ਆਫ਼ ਇੰਡੀਆ' ਦੇ ਇਕ ਹਿੱਸੇ ਵਜੋਂ ਡਾ: ਜੇ.ਐਸ. ਗਰੇਵਾਲ ਵਲੋਂ ਲਿਖੀ ਇਤਿਹਾਸ ਦੀ ਪ੍ਰਸਿੱਧ ਪੁਸਤਕ 'ਦਾ ਸਿੱਖਸ ਆਫ਼ ਪੰਜਾਬ' ਦਾ ਇਕ ਵਾਕ ਅਭੁੱਲ ਹੈ, 'ਪੂਰਬੀ ਪੰਜਾਬ ਭਾਰਤ ਨੂੰ ਅਕਾਲੀਆਂ ਦਾ ਇਕ ਤੋਹਫ਼ਾ ਹੈ'। ਇਹ ਗੱਲ ਇਕ ਹਕੀਕਤ ਹੈ ਕਿ ਭਾਰਤ ਦੀ ਵੰਡ ਦੇ ਅਤੇ ਪਾਕਿਸਤਾਨ ਦੀ ਕਾਇਮੀ ਦੇ ਸਭ ਤੋਂ ਵੱਡੇ ਵਿਰੋਧੀ ਸਿੱਖ ਸਨ। ਸਿੱਖਾਂ ਉਤੇ ਦੋਸ਼ ਤਾਂ ਇਹ ਲਗਦੇ ਰਹੇ ਕਿ ਉਹ ਖ਼ਾਲਿਸਤਾਨ ਬਣਵਾਉਣਾ ਚਾਹੁੰਦੇ ਹਨ। ਸੁਤੰਤਰ ਭਾਰਤ ਦੇ ਨੇਤਾ ਇਹ ਇਲਜ਼ਾਮ ਲਾਉਂਦੇ ਰਹੇ ਕਿ ਸਿੱਖ ਭਾਰਤ ਮਾਤਾ ਦੇ ਟੋਟੇ ਕਰਵਾਉਣਾ ਚਾਹੁੰਦੇ ਹਨ। ਪਰ ਸੱਚੀ ਗੱਲ ਇਹ ਹੈ ਕਿ ਸਿੱਖ ਭਾਰਤ ਦੀ ਏਕਤਾ ਦੇ ਸਭ ਤੋਂ ਵੱਡੇ ਸਮਰਥਕ ਰਹੇ। ਸਿੱਖਾਂ ਦੇ ਦੋ ਵੱਡੇ ਤਖ਼ਤ ਪੰਜਾਬ ਤੋਂ ਬਾਹਰ ਹਨ-ਸ੍ਰੀ ਹਜ਼ੂਰ ਸਾਹਿਬ ਤੇ ਸ੍ਰੀ ਪਟਨਾ ਸਾਹਿਬ।

ਜਦੋਂ 1940 ਵਿਚ ਲਾਹੌਰ ਵਿਚ ਮੁਸਲਿਮ ਲੀਗ ਨੇ ਪਹਿਲੀ ਵਾਰ ਪਾਕਿਸਤਾਨ ਬਣਾਏ ਜਾਣ ਦੀ ਮੰਗ ਕੀਤੀ ਤਾਂ ਇਸ ਸਬੰਧੀ ਸਭ ਤੋਂ ਵੱਡੀ ਚਿੰਤਾ ਸਿੱਖਾਂ ਨੇ ਅਤੇ ਸਿੱਖਾਂ ਵਿਚੋਂ ਅਕਾਲੀਆਂ ਨੇ ਕੀਤੀ।

ਜਦੋਂ 1945-46-47 ਦੇ ਸਾਲਾਂ ਵਿਚ ਪਾਕਿਸਤਾਨ ਬਣਦਾ ਨਜ਼ਰ ਆ ਰਿਹਾ ਸੀ ਤਾਂ ਇਹ ਸਿੱਖ ਭਾਈਚਾਰਾ ਹੀ ਸੀ, ਜਿਸ ਨੇ ਕਿਹਾ ਕਿ ਝਨਾਂ ਤੋਂ ਉਰਾਂ ਦਾ ਪੰਜਾਬ ਪਾਕਿਸਤਾਨ ਤੋਂ ਬਾਹਰ ਰੱਖਿਆ ਜਾਏ। ਜਿਨਾਹ ਪੂਰੇ ਪੰਜਾਬ ਤੋਂ ਬਿਨਾਂ ਪਾਕਿਸਤਾਨ ਨੂੰ 'ਘੁਣ-ਖਾਧਾ ਪਾਕਿਸਤਾਨ' ਕਹਿੰਦਾ ਸੀ। ਮਾਊਂਟ ਬੈਟਨ ਨੇ ਜਿਨਾਹ ਨੂੰ ਕਿਹਾ ਸੀ ਜਾਂ ਤਾਂ 'ਘੁਣ ਖਾਧਾ ਪਾਕਿਸਤਾਨ' ਲੈ ਲਓ, ਨਹੀਂ ਤਾਂ 'ਸੰਯੁਕਤ ਹਿੰਦੁਸਤਾਨ' ਪ੍ਰਵਾਨ ਕਰਨਾ ਪਏਗਾ। ਜਦੋਂ ਜਿਨਾਹ ਪੰਜਾਬ ਦੀ ਵੰਡ ਲਈ ਤਿਆਰ ਹੋ ਗਿਆ ਤਾਂ ਨਾ ਜਿਨਾਹ ਨੂੰ, ਨਾ ਨਹਿਰੂ ਨੂੰ ਅਤੇ ਨਾ ਮਹਾਤਮਾ ਗਾਂਧੀ ਨੂੰ ਇਸ ਗੱਲ ਦਾ ਅਹਿਸਾਸ ਸੀ ਕਿ ਆਬਾਦੀਆਂ ਦਾ ਤਬਾਦਲਾ ਵੀ ਹੋਣਾ ਹੈ। ਗਾਂਧੀ ਤੇ ਨਹਿਰੂ ਸਿੱਖ-ਇਤਿਹਾਸ ਤੋਂ ਇੰਨੇ ਅਨਜਾਣ ਸਨ ਕਿ ਉਨ੍ਹਾਂ ਨੂੰ ਇਸ ਗੱਲ ਦੀ ਬਿਲਕੁਲ ਸਮਝ ਨਹੀਂ ਸੀ ਕਿ ਸਿੱਖਾਂ ਨੇ ਪਾਕਿਸਤਾਨ ਵਿਚ ਨਹੀਂ ਰਹਿਣਾ। ਉਹ ਬਾਹਰ ਆ ਗਏ। ਕਾਸ਼, ਜਿਨਾਹ ਤੇ ਨਹਿਰੂ ਦੂਰਅੰਦੇਸ਼ ਹੁੰਦੇ। ਉਹ ਆਬਾਦੀਆਂ ਦਾ ਤਬਾਦਲਾ ਸ਼ਾਂਤਮਈ ਢੰਗ ਨਾਲ ਕਰਵਾਉਂਦੇ। ਇਉਂ ਦਸ ਲੱਖ ਪੰਜਾਬੀ, ਆਪਣੇ ਹੀ ਪੰਜਾਬੀ ਭਰਾਵਾਂ ਹੱਥੋਂ ਨਾ ਮਰਦੇ।

**ਪੰਜਾਬੀ ਸੂਬੇ ਦੀ ਮੰਗ** - ਸਿੱਖਾਂ ਤੇ ਅਕਾਲੀਆਂ ਦੀ ਖ਼ਸਲਤ ਤੋਂ ਅਨਜਾਣ ਹੋਣ ਕਰਕੇ ਪੰਡਿਤ ਜਵਾਹਰ ਲਾਲ ਨਹਿਰੂ ਨੇ ਪੰਜਾਬੀ ਸੂਬੇ ਦੀ ਮੰਗ ਨੂੰ ਉਲਝਾਇਆ। ਉਸ ਨੂੰ ਇਸ ਵਿਚੋਂ ਵੱਖ-ਵਾਦ ਦੀ ਬੂ ਆਉਂਦੀ ਸੀ। ਇਹ ਠੀਕ ਹੈ ਕਿ ਸਿੱਖਾਂ ਦਾ ਇਕ ਛੋਟਾ ਜਿਹਾ ਹਿੱਸਾ ਖਾਲਿਸਤਾਨ ਦਾ ਸਮਰਥਕ ਵੀ ਸੀ ਤੇ ਹੁਣ ਵੀ ਹੈ ਪਰ 99 ਫ਼ੀਸਦੀ ਸਿੱਖ ਭਾਰਤ ਦੀ ਏਕਤਾ ਦੇ ਸਮਰਥਕ ਹਨ। ਮੂਲ ਸਵਾਲ ਵੱਖ-ਵਾਦ ਤੇ ਏਕਤਾ ਦਾ ਨਹੀਂ, ਮੂਲ ਸਵਾਲ ਹੈ 'ਸਾਡੀ ਵੀ ਸੁਣੀ ਜਾਏ'। ਭਾਰਤ ਦੀ ਲੀਡਰਸ਼ਿਪ ਚਾਹੇ ਉਹ ਕਾਂਗਰਸ ਦੀ ਹੈ, ਭਾਜਪਾ ਦੀ ਹੈ, ਇਥੋਂ ਤੱਕ ਕਿ ਕਮਿਊਨਿਸਟਾਂ ਦੀ ਹੈ, ਉਹ ਕੇਂਦਰਵਾਦ ਦੇ ਸਮਰਥਕ ਹਨ, ਵਿਕੇਂਦਰੀਕਰਨ ਦੇ ਵਿਰੋਧੀ ਹਨ। ਪਰ ਭਾਰਤ ਦੇ ਸਭ ਰਾਜਾਂ ਅਤੇ ਸਭ ਲੋਕ-ਸਮੂਹਾਂ ਦੇ ਮਸਲੇ ਵਿਕੇਂਦਰੀਕਰਨ ਰਾਹੀਂ ਹੀ ਹੱਲ ਹੋਣੇ ਹਨ। ਪੰਜਾਬ ਨੂੰ ਛੱਡ ਦਿਓ। ਉੱਤਰ ਪ੍ਰਦੇਸ਼ ਨੂੰ ਦੇਖੋ। ਬਿਹਾਰ ਨੂੰ ਦੇਖੋ। ਇਹ ਦੋਵੇਂ ਖੇਤਰ ਅੱਜ ਵੀ ਬਹੁਤ ਗ਼ਰੀਬ ਹਨ। ਪਛੜੇ ਹੋਏ ਹਨ। ਜੇ ਪੂਰਬੀ ਉੱਤਰ ਪ੍ਰਦੇਸ਼ ਜਿਸ ਦਾ ਪੁਰਾਣਾ ਨਾਂਅ 'ਅਵਧ' ਹੈ, ਅਲੱਗ ਸੂਬਾ ਬਣ ਜਾਏ ਤਾਂ ਇਹ ਹਰਿਆਣੇ ਵਾਂਗ ਉੱਨਤ ਹੋ ਸਕਦਾ ਹੈ।

ਜਦੋਂ ਪੰਡਿਤ ਨਹਿਰੂ ਦੀ ਮੌਤ ਤੋਂ ਬਾਅਦ ਲਾਲ ਬਹਾਦਰ ਸ਼ਾਸਤਰੀ ਪ੍ਰਧਾਨ ਮੰਤਰੀ ਬਣੇ ਤਾਂ 1965 ਦੀ ਲੜਾਈ ਸਿਰ 'ਤੇ ਆ ਪਈ। 1965 ਦੇ ਯੁੱਧ ਵਿਚ ਸਿਰਫ਼ ਫ਼ੌਜ ਨਹੀਂ ਲੜੀ ਪੂਰਾ ਪੰਜਾਬ ਲੜਿਆ। ਸਿੱਖ ਭਾਈਚਾਰਾ ਲੜਿਆ। ਸਾਨੂੰ ਯਾਦ ਹੈ ਆਲ ਇੰਡੀਆ ਰੇਡੀਓ ਜਲੰਧਰ ਤੋਂ ਸੰਤ ਫਤਹਿ ਸਿੰਘ ਦੇ ਰਿਕਾਰਡ ਕੀਤੇ ਹੋਏ ਸ਼ਬਦ ਪ੍ਰਸਾਰਤ ਕੀਤੇ ਜਾਂਦੇ ਸਨ। ਕੇਂਦਰ ਨੂੰ ਸਮਝ ਆ ਰਹੀ ਸੀ, ਯੁੱਧ ਜਿੱਤਣ ਲਈ ਸਿੱਖਾਂ ਤੇ ਪੰਜਾਬ ਦਾ ਸਹਿਯੋਗ ਜ਼ਰੂਰੀ ਹੈ। ਇਸੇ ਕਰਕੇ ਸ਼ਾਸਤਰੀ ਜੀ ਨੇ 'ਪੰਜਾਬੀ ਸੂਬੇ ਦੀ ਮੰਗ' ਉਤੇ ਵਿਚਾਰ ਕਰਨ ਲਈ ਸ: ਹੁਕਮ ਸਿੰਘ (ਸਾਬਕ ਪ੍ਰਧਾਨ ਅਕਾਲੀ ਦਲ) ਦੀ ਪ੍ਰਧਾਨਗੀ ਵਿਚ ਕਮੇਟੀ ਬਣਾਈ, ਜਿਸ ਵਿਚ ਹਰਿਆਣਵੀ ਲੀਡਰ ਬੰਸੀ ਲਾਲ ਵੀ ਸ਼ਾਮਿਲ ਸੀ।

**ਅਨੰਦਪੁਰ ਦਾ ਪ੍ਰਸਤਾਵ** - ਪੰਜਾਬੀ ਸੂਬਾ ਤਾਂ ਬਣ ਗਿਆ, ਅਕਾਲੀ ਸੱਤਾਧਾਰੀ ਵੀ ਬਣ ਗਏ, ਪਰ ਨਾ ਨਵੀਂ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਅਤੇ ਨਾ ਕਾਂਗਰਸ ਪਾਰਟੀ ਨੂੰ ਚੈਨ ਸੀ। ਉਨ੍ਹਾਂ ਨੇ ਸਿੱਖ ਭਾਈਚਾਰੇ ਨੂੰ ਅਤੇ ਅਕਾਲੀਆਂ ਨੂੰ ਨਾਰਾਜ਼ ਕਰਨਾ ਜਾਰੀ ਰੱਖਿਆ। ਚੰਡੀਗੜ੍ਹ ਪੰਜਾਬੀ ਸੂਬੇ ਤੋਂ ਬਾਹਰ ਰੱਖਿਆ ਗਿਆ। ਕਈ ਪੰਜਾਬੀ ਬੋਲਦੇ ਇਲਾਕੇ ਵੀ ਬਾਹਰ ਰੱਖ ਲਏ ਗਏ। ਪੰਜਾਬ ਤੇ ਹਰਿਆਣੇ ਦਾ ਝਗੜਾ ਪੈਦਾ ਕਰ ਦਿੱਤਾ। ਕਦੇ ਭਜਨ ਲਾਲ ਤੇ ਕਦੇ ਬੰਸੀ ਲਾਲ ਰਾਹੀਂ ਪੰਜਾਬ ਨਾਲ ਖਾਹਮਖਾਹ ਟੱਕਰ ਲਈ। ਇਸੇ ਕਰਕੇ 'ਅਨੰਦਪੁਰ ਦਾ ਪ੍ਰਸਤਾਵ' ਪਾਸ ਹੋਇਆ। ਇਸ ਦੇ ਦੋ ਰੁਪਾਂਤਰ ਸਨ। 1973 ਵਾਲਾ ਤੇ ਦੂਜਾ 1978 ਵਾਲਾ। ਪਹਿਲੇ ਪ੍ਰਸਤਾਵ ਦਾ ਖਰੜਾ ਕਪੂਰ ਸਿੰਘ ਆਈ.ਸੀ.ਐਸ. ਦਾ ਲਿਖਿਆ ਹੋਇਆ ਸੀ, ਜਿਸ ਵਿਚ 'ਸਿੱਖਾਂ ਦੇ ਬੋਲਬਾਲਾ' ਦੀ ਗੱਲ ਸ਼ਾਮਿਲ ਕੀਤੀ ਗਈ। ਇੰਦਰਾ ਗਾਂਧੀ ਨੇ ਇਸ ਪ੍ਰਸਤਾਵ ਨੂੰ ਖੂਬ ਭੰਡਿਆ। ਕਿਹਾ, ਅਕਾਲੀ ਖ਼ਾਲਿਸਤਾਨ ਮੰਗਦੇ ਹਨ। ਐਮਰਜੈਂਸੀ ਦੇ ਵਿਰੁੱਧ, ਅਕਾਲੀਆਂ ਨੇ 19 ਮਹੀਨੇ ਮੋਰਚਾ ਜਾਰੀ ਰੱਖਿਆ। ਇੰਦਰਾ ਗਾਂਧੀ ਨੇ ਆਪਣੀ ਗ਼ਲਤੀ ਸਮਝਣ ਦੀ ਥਾਂ ਅਕਾਲੀਆਂ ਨੂੰ ਅਤੇ ਪੂਰੇ ਸਿੱਖ ਭਾਈਚਾਰੇ ਨੂੰ ਆਪਣਾ ਦੁਸ਼ਮਣ ਸਮਝਿਆ। ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਅਕਾਲੀਆਂ ਦੀ ਸ਼ਾਂਤਮਈ ਨੀਤੀ ਦੇ ਟਾਕਰੇ ਵਿਚ ਹਥਿਆਰਬੰਦ ਰਾਜਨੀਤੀ ਦੇ ਸਮਰਥਕ ਬਣ ਕੇ ਉਭਰ ਆਏ। ਸਿੱਖ ਭਾਈਚਾਰੇ ਅਤੇ ਕੇਂਦਰ ਦੀ ਟੱਕਰ ਵਧ ਗਈ। ਸਾਕਾ ਨੀਲਾ ਤਾਰਾ ਹੋਇਆ। ਨਵੰਬਰ 1984 ਦੇ ਸਿੱਖਾਂ ਵਿਰੁੱਧ ਦੰਗੇ ਹੋਏ।

**ਪੰਜਾਬ ਸਮਝੌਤਾ** - ਰਾਜੀਵ ਗਾਂਧੀ ਦਸੰਬਰ, 1984 ਦੀ ਲੋਕ ਸਭਾ ਚੋਣ ਜਿੱਤ ਗਏ। 404 ਸੀਟਾਂ ਕਾਂਗਰਸ ਨੂੰ ਮਿਲੀਆਂ। ਇੰਨੀਆਂ ਸੀਟਾਂ ਨਾ ਰਾਜੀਵ ਦੇ ਨਾਨੇ (ਨਹਿਰੂ) ਨੂੰ ਮਿਲੀਆਂ, ਨਾ ਰਾਜੀਵ ਦੀ ਮਾਂ (ਇੰਦਰਾ) ਨੂੰ ਮਿਲੀਆਂ ਸਨ।

ਰਾਜੀਵ ਗਾਂਧੀ ਨੇ 'ਬੱਲੇ-ਬੱਲੇ' ਕਰਵਾਉਣ ਲਈ ਦੋ ਸਮਝੌਤੇ ਕੀਤੇ- ਆਸਾਮ ਸਮਝੌਤਾ ਤੇ ਪੰਜਾਬ ਸਮਝੌਤਾ। ਦੋਵੇਂ ਸਮਝੌਤੇ ਲਾਗੂ ਨਹੀਂ ਹੋਏ। ਆਸਾਮ ਸਮਝੌਤਾ ਕਰਕੇ ਪ੍ਰਫੁੱਲ ਮਹੰਤਾ (ਨਵਯੁਵਕ ਆਸਾਮੀ ਆਗੂ) ਮੁੱਖ ਮੰਤਰੀ ਬਣ ਗਏ। ਪੰਜਾਬ ਸਮਝੌਤਾ ਕਰਵਾ ਕੇ ਸੁਰਜੀਤ ਸਿੰਘ ਬਰਨਾਲਾ ਮੁੱਖ ਮੰਤਰੀ ਬਣ ਗਏ।

ਰਾਜੀਵ ਗਾਂਧੀ ਨੇ ਦਸੰਬਰ, 1984 ਦੀ ਚੋਣ ਸਿੱਖ ਵੱਖ-ਵਾਦ ਦਾ ਹਊਆ ਖੜ੍ਹਾ ਕਰਕੇ ਜਿੱਤੀ ਸੀ। ਬਹੁਗਿਣਤੀ ਭਾਈਚਾਰੇ ਦੇ ਜਜ਼ਬਾਤ ਭੜਕਾਏ ਗਏ ਸਨ, ਹਾਲਾਂਕਿ 1984 ਦੇ ਪੂਰੇ ਸਾਲ ਵਿਚ ਸਭ ਤੋਂ ਬਹੁਤੀ ਬੇਇਨਸਾਫ਼ੀ ਸਿੱਖ ਭਾਈਚਾਰੇ ਨਾਲ ਕੀਤੀ ਗਈ ਸੀ।

ਗ਼ਲਤ ਰਾਜਨੀਤੀ ਅਤੇ ਨੇੜ-ਦ੍ਰਿਸ਼ਟੀ ਵਾਲੀ ਰਾਜਨੀਤੀ ਚਾਹੇ ਕੋਈ ਨੇਤਾ ਅਪਣਾਏ ਚਾਹੇ ਕੋਈ ਪਾਰਟੀ ਜਾਂ ਭਾਈਚਾਰਾ ਅਪਣਾਏ ਕਦੇ ਲਾਭਕਾਰੀ ਨਹੀਂ ਸਾਬਤ ਹੁੰਦੀ, ਤਬਾਹਕੁਨ ਹੀ ਸਾਬਤ ਹੁੰਦੀ ਹੈ। ਰਾਜੀਵ ਗਾਂਧੀ ਇਸੇ ਕਿਸਮ ਦੀ ਰਾਜਨੀਤੀ ਦੇ ਖ਼ੁਦ ਸ਼ਿਕਾਰ ਹੋਏ। ਚੇਨਈ ਵਿਚ ਚੋਣ ਰੈਲੀ ਨੂੰ ਸੰਬੋਧਨ ਕਰਦੇ-ਕਰਦੇ ਮਾਰੇ ਗਏ।


ਦਸ ਸਾਲ ਲਗਾਤਾਰ ਅਕਾਲੀ ਰਾਜ ਕਰਦੇ ਰਹੇ। ਹੁਣ ਕਾਂਗਰਸ ਰਾਜ ਕਰ ਰਹੀ ਹੈ। ਅਕਾਲੀਆਂ ਨੇ ਝੋਨੇ ਹੇਠ ਰਕਬਾ ਘਟ ਕਰਨ ਦਾ ਯਤਨ ਕੀਤਾ। ਬਾਸਮਤੀ ਦੀ ਕਾਸ਼ਤ ਵਧਾਈ। ਮੱਕੀ ਬਿਜਵਾਈ, ਪਰ ਸਫ਼ਲਤਾ ਨਹੀਂ ਮਿਲੀ। ਕੇਂਦਰ ਨੇ ਬਾਸਮਤੀ ਤੇ ਮੱਕੀ ਦੀ ਫ਼ਸਲ ਦੀ ਕਦਰ ਹੀ ਨਹੀਂ ਕੀਤੀ। ਹੁਣ ਕਾਂਗਰਸ ਸਰਕਾਰ ਨੇ ਕੇਂਦਰ ਨੂੰ ਮਨਾਉਣ ਦੀ ਕੋਸ਼ਿਸ਼ ਕੀਤੀ, ਕਿਸਾਨਾਂ ਦਾ ਕਰਜ਼ਾ ਮੁਆਫ਼ ਕਰਨ ਲਈ ਮਦਦ ਮੰਗੀ। ਪਰ ਕੇਂਦਰ ਨੇ ਮਦਦ ਨਹੀਂ ਕੀਤੀ। ਹੁਣ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਆਪਣੇ ਸਾਧਨਾਂ ਰਾਹੀਂ ਕਰਜ਼ਾਈ ਕਿਸਾਨਾਂ ਨੂੰ ਰਾਹਤ ਦੇਣ ਦਾ ਯਤਨ ਕਰ ਰਹੀ ਹੈ। ਅਸੀਂ ਇਸ ਯਤਨ ਦਾ ਸਵਾਗਤ ਕਰਦੇ ਹਾਂ।

ਪਰ ਮੂਲ ਮਸਲਾ ਕਾਇਮ ਹੈ। 70 ਸਾਲ ਬੀਤਣ ਤੋਂ ਬਾਅਦ ਵੀ ਪੰਜਾਬ ਖੇਤੀ ਪ੍ਰਧਾਨ ਸੂਬਾ ਹੈ। ਖੇਤੀ ਘਾਟੇ ਵਾਲਾ ਕਿੱਤਾ ਹੈ। ਛੋਟੀ ਜੋਤ ਵਾਲਾ ਕਿਸਾਨ ਘਾਟੇ ਵਿਚ ਹੀ ਰਹੇਗਾ। ਉਹ ਕਰਜ਼ੇ ਤੋਂ ਮੁਕਤ ਨਹੀਂ ਹੋਵੇਗਾ। ਇਲਾਜ ਇਹ ਹੈ ਕਿ ਕਿਸਾਨਾਂ ਤੇ ਮਜ਼ਦੂਰਾਂ ਦੇ ਬੱਚੇ ਚੰਗੀ ਵਿੱਦਿਆ ਲੈ ਕੇ ਦੂਜੇ ਕਿੱਤਿਆਂ ਵਿਚ ਪੈਣ। ਪੂਰਾ ਟੱਬਰ ਖੇਤੀ ਉਤੇ ਨਿਰਭਰ ਨਾ ਰਹੇ। ਪਰ ਪੇਂਡੂ ਸਕੂਲ ਮਿਆਰੀ ਸਿੱਖਿਆ ਦੇ ਹੀ ਨਹੀਂ ਰਹੇ। ਕਿਸਾਨਾਂ ਤੇ ਮਜ਼ਦੂਰਾਂ ਦੇ ਬੱਚੇ ਕਿੱਥੇ ਜਾਣ?

ਪੰਜਾਬ ਦੀ ਆਰਥਿਕਤਾ ਖੇਤੀ ਉਤੇ ਆਧਾਰਿਤ ਨਾ ਰਹੇ। ਇਹ ਕੇਂਦਰ ਦੀ ਬਸਤੀ ਨਾ ਬਣਿਆ ਰਹੇ। ਇਹ ਹੋਰ ਕਿੱਤੇ ਅਪਣਾਏ, ਜੋ ਉੱਤਮ ਰੁਜ਼ਗਾਰ ਦੇਣ। ਪਰ ਸਾਨੂੰ ਨਹੀਂ ਆਸ ਕਿ ਪੰਜਾਬ ਦੇ ਹਾਕਮ ਆਰਥਿਕਤਾ ਬਦਲ ਸਕਣਗੇ। ਪਰ ਇਸ ਤੋਂ ਬਿਨਾਂ ਹੋਰ ਰਸਤਾ ਵੀ ਕੋਈ ਨਹੀਂ।

# ਕਾਵਿ-ਕਿਆਰੀ

## ਦੁਨੀਆਂ



ਇਹ ਜੋ ਦਿਸਦੀ, ਸਿੱਧਰੀ ਜਿਹੀ ਦੁਨੀਆਂ ਹੈ।
ਅਸਲ ਵਿਚ ਅਸਲੇ ਤੋਂ ਬਦਗੁਣੀਆ ਹੈ।
ਛੋਟਿਉਂ ਵੱਡੇ, ਵਡਿਉਂ ਵਡੇਰੇ,
ਗਰੀਬ ਅਮੀਰ ਸਭ ਸਾਧ ਫ਼ਕੀਰ,
ਇਕ ਦੂਜੇ ਨੂੰ ਠਿੱਬੀ ਲਾ, ਨਿਕਲਣ ਅਗੇਰੇ।

ਇਨ੍ਹਾਂ ਸਭ ਫਰਿਸ਼ਤਿਆਂ ਵਰਗੇ, ਰਿਸ਼ਤਿਆਂ ਲਈ ਵੀ,
ਇਹ ਰੈਣ ਬਸੇਰਾ ! ਇਕ ਸਰਬਸਾਂਝੀ ਸੰਸਾਰ ਸਰਾਂ ਹੈ।

ਅਖੌਤੀ ਧਰਮੀਂ, ਸੰਚਾਲਕਾਂ ਮਾਲਕਾਂ ਨੇ,
ਆਪੋ ਆਪਣੀ ਸੋਚ ਹੋਸ਼ ਮੁਤਾਬਕ,
ਰੱਖ ਲਿਆ ਵੱਖੋ-ਵੱਖਰਾ ਵਿਸ਼ੇਸ਼ਣੀ ਨਾਂ ਹੈ।
ਜੋ ਦਿਸਦਾ-ਪਿਸਦਾ ਸੰਸਾਰ ਹੈ, ਚਲਨਹਾਰ ਹੈ।
ਜੋ ਭਿੰਨ-ਭਿੰਨ ਰੂਪਾਂ ਵਿਚ, ਦਿਸਦਾ ਮਿੱਟੀ ਦਾ ਬਾਵਾ ਹੈ,
ਇਹ ਰੱਬ ਰੂਪੀ ਘੁਮਿਆਰ ਦਾ ਹੀ ਛਲਾਵਾ ਹੈ।
ਇਹ ਨਿਸ ਦਿਨ, ਜੋ ਭੱਜਾ ਫਿਰਦਾ ਚੁਲਬੁਲਾ ਹੈ।
ਇਹ ਕੇਵਲ ਪਾਣੀ ਦਾ ਇਕ ਬੁਲਬੁਲਾ ਹੈ।

ਕੁੰਨ ਫ਼ਯਾਕੁੰਨ, ਪਸਾਓ ਕਵਾਓ ਦੇ,
ਸਥਾਪਿਤ ਵਿਸਥਾਪਿਤ ਪਾਸਾਰੇ ਵਿਚ,
ਉੱਤਮ ਮਨੁੱਖੀ ਜਾਤ, ਫੁੱਲਾਂ ਦੀ ਬਾਗਾਤ ਵਿਚ,
ਬਿਨਾਂ ਅਰਜ਼ੀ ਮਨਮਰਜ਼ੀ ਨਾਲ ਰਹਿ ਨਹੀਂ ਸਕਦੀ,
ਪ੍ਰਵਾਨਗੀ ਮਿਲੇ ਨਾ ਮਿਲੇ ਕਹਿ ਨਹੀਂ ਸਕਦੀ,
ਅਨਿਸ਼ਚਿਤ ਪਰਿਵਰਤਨ ਵੀ ਸਹਿ ਨਹੀਂ ਸਕਦੀ।

ਦੁਨੀਆਂ ਛੱਡ ਅਸਲੇ ਵਿਚ ਅਭੇਦ ਹੋਣਾ ਹੀ ਅਸਲਾ ਹੈ,
ਜ਼ਿੰਦਗੀ ਮੌਤ ਦਾ ਇਕੋ ਇਕ, ਇਹੋ ਭੁਲਾਵਾਂ ਮਸਲਾ ਹੈ।
ਇਹ ਦੁਨਿਆਵੀ ਰੈਣ ਬਸੇਰਾ, ਹੁਣ ਮੇਰਾ ਨਹੀਂ,
ਹੁਣ ਮੇਰੀ ਰੂਹ-ਬਦਰੂਹ ਦਾ, ਏਥੇ ਡੇਰਾ ਨਹੀਂ।

ਮੋਇਆਂ ਦੀ ਕਾਰਗੁਜਾਰੀ, ਏਥੇ ਈ ਬਸ ਨਹੀਂ,
ਰੂਹ ਕਿੱਥੇ ਕਿੱਥੇ ਭਟਕੇਗੀ, ਦਸਣੀ ਵੱਸ ਨਹੀਂ।

**ਪ੍ਰੋ. ਪ੍ਰੀਤਮ ਸਿੰਘ ਸਰਗੋਧੀਆ**
**ਪੀ.ਈ.ਐਸ.-1,**
**ਸੇਵਾ ਮੁਕਤ ਕਾਲਜ ਪ੍ਰਿੰਸੀਪਲ,**
**ਮੋ. 98153-03206**

*****

**ਅਧਿਆਪਕ ਦਿਵਸ ’ਤੇ ਵਿਸ਼ੇਸ਼**

# ਅਧਿਆਪਕ ਵਰਗ ਆਪਣੇ ਕਿੱਤੇ ਦੀ ਅਹਿਮੀਅਤ ਨੂੰ ਸਮਝੇ

**ਮੁਹੰਮਦ ਬਸ਼ੀਰ**

ਅਧਿਆਪਕ ਦਾ ਕਿੱਤਾ ਦੁਨੀਆ ਦੇ ਸਭ ਕੰਮਾਂ ਦੇ ਨਾਲੋਂ ਚੰਗਾ, ਉੱਤਮ ਅਤੇ ਸਤਿਕਾਰ ਵਾਲਾ ਹੈ। ਇਸ ਕਰਕੇ ਪੈਸਾ ਕਮਾਉਣ ਜਾਂ ਸਿਰਫ ਰੋਜ਼ੀ-ਰੋਟੀ ਦਾ ਜੁਗਾੜ ਕਰਨ ਲਈ ਇਸ ਕਿੱਤੇ ਨੂੰ ਅਪਣਾਉਣ ਵਾਲੇ ਲੋਕਾਂ ਨੂੰ ਦੇਸ਼ ਅਤੇ ਸਮਾਜ ਦੇ ਵਡੇਰੇ ਹਿੱਤਾਂ ਲਈ ਇਸ ਕਿੱਤੇ ਤੋਂ ਦੂਰ ਰਹਿਣਾ ਚਾਹੀਦਾ ਹੈ। ਇਸ ਕਿੱਤੇ ਵਿਚ ਕੇਵਲ ਇਸ ਤਰ੍ਹਾਂ ਦੇ ਲੋਕਾਂ ਨੂੰ ਹੀ ਆਉਣਾ ਚਾਹੀਦਾ ਹੈ ਜੋ ਪੜ੍ਹਾਉਣ ਨੂੰ ਇਕ ਕੰਮ ਨਾ ਸਮਝ ਕੇ ਇਕ ਮਿਸ਼ਨ ਦੇ ਰੂਪ ਵਿਚ ਲੈਣ, ਕਿਉਂਕਿ ਮਿਸ਼ਨ ਨੂੰ ਪੂਰਾ ਕਰਨ ਲਈ ਆਉਣ ਵਾਲੀਆਂ ਰਸਤੇ ਦੀਆਂ ਰੁਕਾਵਟਾਂ ਨੂੰ ਮਨੁੱਖ ਹੱਸਦੇ-ਹੱਸਦੇ ਸਹਾਰਦਾ ਹੋਇਆ ਆਪਣੇ ਉਦੇਸ਼ ਨੂੰ ਪ੍ਰਾਪਤ ਕਰਨ ਲਈ ਅੱਗੇ ਵਧਦਾ ਜਾਂਦਾ ਹੈ। ਇਸ ਕਰਕੇ ਨਿਰੋਲ ਪੈਸੇ ਦੀ ਭੁੱਖ ਤੱਕ ਸੀਮਤ ਲੋਕਾਂ ਦਾ ਇਸ ਪੇਸ਼ੇ ਵਿਚ ਕੋਈ ਸਥਾਨ ਨਹੀਂ।

ਅੰਤਰਰਾਸ਼ਟਰੀ ਪੱਧਰ ’ਤੇ ਅਧਿਆਪਕ ਦਿਵਸ 1994 ਤੋਂ ਹਰ ਸਾਲ 5 ਸਤੰਬਰ ਨੂੰ ਬਹੁਤ ਹੀ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਜਾਂਦਾ ਹੈ। ਇਸ ਦਾ ਮੁੱਖ ਮੰਤਵ ਹੈ ਅਧਿਆਪਕ ਵਰਗ ਨੂੰ ਸਹਿਯੋਗ ਅਤੇ ਉਚਿਤ ਸਨਮਾਨ ਦੇਣਾ ਤਾਂ ਕਿ ਆਉਣ ਵਾਲੀਆਂ ਪੀੜ੍ਹੀਆਂ ਨੂੰ ਚੰਗੇ ਨਾਗਰਿਕ ਬਣਾਇਆ ਜਾ ਸਕੇ। ਭਾਵੇਂ ਕਿ ਯੂਨੈਸਕੋ ਨੇ ਅਧਿਆਪਕ ਦਿਵਸ ਲਈ 5 ਸਤੰਬਰ ਦਾ ਦਿਨ

ਨਿਸਚਤ ਕੀਤਾ ਹੈ ਪਰ ਕਈ ਦੇਸ਼ਾਂ ਵਲੋਂ ਅਲੱਗ-ਅਲੱਗ ਦਿਨਾਂ 'ਤੇ ਵੀ ਇਹ ਦਿਵਸ ਮਨਾਇਆ ਜਾਂਦਾ ਹੈ। ਪਰ ਭਾਰਤ ਵਿਚ ਭਾਰਤ ਦੇ ਸਾਬਕਾ ਰਾਸ਼ਟਰਪਤੀ ਸਰਵਪੱਲੀ ਡਾ: ਰਾਧਾ ਕ੍ਰਿਸ਼ਨਨ ਜੀ ਦੇ ਜਨਮ ਦਿਨ ਭਾਵ 5 ਸਤੰਬਰ ਨੂੰ ਅਧਿਆਪਕ ਦਿਵਸ ਦੇ ਰੂਪ ਵਿਚ (ਉਨ੍ਹਾਂ ਵਲੋਂ ਸਿੱਖਿਆ ਦੇ ਖੇਤਰ ਵਿਚ ਸਮਾਜ ਲਈ ਕੀਤੇ ਗਏ ਕੰਮਾਂ ਨੂੰ ਸ਼ਰਧਾਂਜਲੀ ਦੇਣ ਲਈ ਇਕ ਚਿੰਨ ਦੇ ਰੂਪ 'ਚ) ਮਨਾਇਆ ਜਾਂਦਾ ਹੈ। ਡਾ: ਰਾਧਾ ਕ੍ਰਿਸ਼ਨਨ ਸਿੱਖਿਆ ਦੇ ਕੱਟੜ ਸਮਰਥਕ, ਉੱਚ ਕੋਟੀ ਦੇ ਵਿਦਵਾਨ, ਚੰਗੇ ਲੇਖਕ, ਇਮਾਨਦਾਰ ਰਾਜਸੀ ਨੇਤਾ, ਮਹਾਨ ਸੁਤੰਤਰਤਾ ਸੈਨਾਨੀ ਅਤੇ ਇਕ ਆਦਰਸ਼ ਅਧਿਆਪਕ ਸਨ। ਉਨ੍ਹਾਂ ਦੇ ਅਧਿਆਪਕ ਦੇ ਕਿੱਤੇ ਨਾਲ ਬੇਹੱਦ ਲਗਾਓ ਦੇ ਕਾਰਨ ਹੀ ਉਨ੍ਹਾਂ ਦੇ ਜਨਮ ਦਿਨ ਨੂੰ ਅਧਿਆਪਕ ਦਿਵਸ ਦੇ ਰੂਪ ਵਿਚ ਮਨਾਇਆ ਜਾਂਦਾ ਹੈ। ਅਧਿਆਪਕ ਇਕ ਅਜਿਹਾ ਵਿਅਕਤੀ ਹੈ ਜੋ ਕਿ ਦੂਸਰਿਆਂ ਨੂੰ ਪੜ੍ਹਾ-ਲਿਖਾ ਕੇ ਚੰਗਾ ਇਨਸਾਨ ਬਣਾਉਣ ਦੇ ਨਾਲ-ਨਾਲ ਉਨ੍ਹਾਂ ਨੂੰ ਉੱਚ ਅਹੁਦਿਆਂ 'ਤੇ ਪਹੁੰਚਦਾ ਦੇਖ ਕੇ ਵੀ ਖੁਸ਼ ਹੁੰਦਾ ਹੈ। ਕਿਹਾ ਜਾਂਦਾ ਹੈ ਕਿ ਮਾਂ-ਬਾਪ ਮਿਲਕੇ ਬੱਚੇ ਨੂੰ ਅਰਸ਼ ਤੋਂ ਫਰਸ਼ ਤੱਕ ਲਿਆਉਣ ਦਾ ਸਫ਼ਰ ਤੈਅ ਕਰਵਾਉਂਦੇ ਹਨ ਤੇ ਇਕ ਅਧਿਆਪਕ ਆਪਣੀ ਯੋਗਤਾ, ਸਮਰੱਥਾ ਅਤੇ ਸਮਰਪਣ ਦੇ ਨਾਲ ਬੱਚੇ ਨੂੰ ਫਰਸ਼ ਤੋਂ ਅਰਸ਼ ਤੱਕ ਪਹੁੰਚਾਉਣ ਦੀ ਜ਼ਿੰਮੇਵਾਰੀ ਨਿਭਾਉਂਦਾ ਹੈ। ਅਧਿਆਪਕ ਹੀ ਹਰੇਕ ਵਿਦਿਆਰਥੀ ਦੀ ਯੋਗਤਾ ਨੂੰ ਸਮਝ ਕੇ ਉਸ ਦੀ ਯੋਗਤਾ ਅਤੇ ਸਮਰੱਥਾ ਦੇ ਅਨੁਸਾਰ ਉਸ ਦੇ ਹੁਨਰ ਨੂੰ ਸ਼ਿਲਪਕਾਰ ਦੀ ਮਨਮੋਹਣੀ ਮੂਰਤ ਅਤੇ ਘੁਮਿਆਰ ਦੇ ਭਾਂਡੇ ਦੀ ਤਰ੍ਹਾਂ ਤਰਾਸ਼ ਕੇ ਉਸ ਨੂੰ ਹੀਰਾ ਬਣਾ ਦਿੰਦਾ ਹੈ। ਇਸ ਕਰਕੇ ਹੀ ਕਿਹਾ ਜਾਂਦਾ ਹੈ ਕਿ ਇੱਕ ਚੰਗਾ ਅਧਿਆਪਕ ਚੰਗੀ ਸਿੱਖਿਅਕ ਪ੍ਰਣਾਲੀ ਦੀ ਨੀਂਹ ਹੈ, ਜਿਸ ਤੋਂ ਬਿਨਾਂ ਮਿਆਰੀ ਸਿੱਖਿਆ ਦੇਣ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ। ਪਰ ਜੇ ਧਿਆਨ ਨਾਲ ਦੇਖਿਆ ਜਾਵੇ ਤਾਂ ਅੱਜ ਇਸ ਤਰ੍ਹਾਂ ਦੇ ਚੰਗੇ ਅਧਿਆਪਕਾਂ ਦੀ ਦੇਸ਼ ਵਿਚ ਕਾਫੀ ਕਮੀ ਮਹਿਸੂਸ ਕੀਤੀ ਜਾ ਰਹੀ ਹੈ। ਹੁਣ ਇੰਜ ਮਹਿਸੂਸ ਕੀਤਾ ਜਾਣ ਲੱਗ ਪਿਆ ਹੈ ਕਿ ਚੰਗੇ ਅਧਿਆਪਕ ਵੀ ਮਾੜੀ ਰਾਜਨੀਤਕ ਅਤੇ ਸਿੱਖਿਆ ਪ੍ਰਣਾਲੀ ਦੀ ਭੇਟ ਚੜ੍ਹ ਗਏ ਜਾਪਦੇ ਹਨ। ਇਸੇ ਕਾਰਨ ਤਾਂ ਭਾਰਤ ਅਨੇਕਾਂ ਸਮੱਸਿਆਵਾਂ ਦਾ ਸ਼ਿਕਾਰ ਹੋ ਚੁੱਕਾ ਹੈ।

ਪ੍ਰਾਚੀਨ ਸਮੇਂ ਤੋਂ ਹੀ ਭਾਰਤ 'ਚ ਗੁਰੂ ਜਾਂ ਅਧਿਆਪਕ ਦਾ ਬਹੁਤ ਸਨਮਾਨ ਕੀਤਾ ਜਾਂਦਾ ਰਿਹਾ ਹੈ। ਇਸ ਕਾਰਨ ਹੀ ਕਿਹਾ ਜਾਂਦਾ ਸੀ ਕਿ 'ਰਾਜਾ ਜਨਤਾ 'ਤੇ ਸ਼ਾਸਨ ਕਰਦਾ ਹੈ ਤੇ ਗੁਰੂ ਰਾਜੇ 'ਤੇ'। ਪ੍ਰਾਚੀਨ ਧਾਰਮਿਕ ਅਤੇ ਇਤਿਹਾਸਕ ਗ੍ਰੰਥਾਂ ਵਿਚ ਅਸੀਂ ਦੇਖਦੇ ਹਾਂ ਕਿ ਕਿਸ ਤਰ੍ਹਾਂ ਸਮਾਜ ਦਾ ਹਰੇਕ ਮਨੁੱਖ ਗੁਰੂ ਦਾ ਸਨਮਾਨ ਕਰਦਾ ਸੀ, ਇਥੋਂ ਤੱਕ ਕਿ ਰਾਜੇ ਮਹਾਰਾਜੇ ਵੀ ਗੁਰੂ ਦੇ ਸਨਮਾਨ ਵਿਚ ਆਪਣਾ ਸਿਰ ਝੁਕਾਅ ਦਿੰਦੇ ਸਨ, ਪਰ ਜੇ ਅਸੀਂ ਅੱਜ ਦੇ ਭਾਰਤ ਦੀ ਗੱਲ ਕਰੀਏ ਤਾਂ ਅਧਿਆਪਕ ਨੂੰ ਦੇਸ਼ ਦੇ ਨਿਰਮਾਤਾ ਆਦਿ ਦੇ ਵਿਸ਼ੇਸ਼ਣ ਨਾਲ ਸਨਮਾਨਿਆਂ ਤਾਂ ਜਾਂਦਾ ਹੈ ਪਰ ਅਸਲ ਸਥਿਤੀ ਬਹੁਤ ਖ਼ਰਾਬ ਹੈ। ਨਿੱਤ ਰੋਜ਼ ਦੇਸ਼ ਦੇ ਨਿਰਮਾਤਾਵਾਂ ਉੱਪਰ ਦੇਸ਼ ਦੀਆਂ ਲੋਕਤੰਤਰੀ ਸਰਕਾਰਾਂ ਵੱਲੋਂ ਲਾਠੀਚਾਰਜ ਕੀਤਾ ਜਾ ਰਿਹਾ ਹੈ, ਅਥਰੂ ਗੈਸ ਦੇ ਗੋਲੇ ਸੁੱਟੇ ਜਾ ਰਹੇ ਹਨ, ਪਾਣੀ ਦੀਆਂ ਬੁਛਾਰਾਂ ਮਾਰੀਆਂ ਜਾ ਰਹੀਆਂ ਹਨ। ਦੇਸ਼ ਦੇ ਨਿਰਮਾਤਾ ਨੂੰ ਇਕ ਵਾਧੂ ਜਿਹਾ ਇਨਸਾਨ ਸਮਝਿਆ ਜਾ ਰਿਹਾ ਹੈ। ਅੱਜ ਦੇਸ਼ ਦੇ ਨਿਰਮਾਤਾ ਨੂੰ ਠੇਕੇ 'ਤੇ ਨਿਗੂਣੀਆਂ ਤਨਖਾਹਾਂ ਤੇ ਭਰਤੀ ਕਰਨ ਦੇ ਕਾਰਨ ਉਹ ਖ਼ੁਦ ਹੀ ਆਰਥਿਕ ਜਰੂਰਤਾਂ ਨੂੰ ਪੂਰਾ ਕਰਨ ਦੀ ਘੁੰਮਣ-ਘੇਰੀ ਵਿਚ ਫਸਿਆ ਮਹਿਸੂਸ ਕਰ ਰਿਹਾ ਹੈ। ਜੇਕਰ ਅਸੀਂ ਅਧਿਆਪਕ ਨੂੰ ਦੇਸ਼ ਜਾਂ ਸਮਾਜ ਦਾ ਨਿਰਮਾਤਾ ਕਹਿ ਕੇ ਫੋਕਾ ਸਨਮਾਨ ਦੇਣ ਦੀ ਬਜਾਏ ਉਸ ਦੀਆਂ ਸਮੱਸਿਆਵਾਂ ਨੂੰ ਹੱਲ ਕਰਕੇ ਉਸ ਨੂੰ ਆਰਥਿਕ ਅਤੇ ਮਾਨਸਿਕ ਤੌਰ 'ਤੇ ਸੰਤੁਸ਼ਟ ਕਰਨ ਦੀ ਕੋਸ਼ਿਸ਼ ਕਰੀਏ ਤਾਂ ਦੇਸ਼ ਦੀਆਂ ਕਈ ਸਮੱਸਿਆਵਾਂ ਹੱਲ ਹੋ ਸਕਦੀਆਂ ਹਨ, ਕਿਉਂਕਿ ਇਕ ਸਤੁੰਸ਼ਟ ਵਿਅਕਤੀ ਆਪਣੇ ਕਿੱਤੇ ਦੇ ਪ੍ਰਤੀ ਸਮਰਪਿਤ ਹੋ ਸਕਦਾ ਹੈ ਅਤੇ ਸਤੁੰਸ਼ਟ ਨਾਗਰਿਕ ਪੈਦਾ ਕਰਕੇ, ਦੇਸ਼ ਦੇ ਵਿਕਾਸ ਵਿਚ ਯੋਗਦਾਨ ਪਾ ਸਕਦਾ ਹੈ। ਇਸ ਲਈ ਸਕੂਲਾਂ ਵਿਚ ਭਰਤੀ ਦੀ ਠੇਕਾ ਪ੍ਰਣਾਲੀ ਨੂੰ ਖ਼ਤਮ ਕਰਕੇ ਰੈਗੂਲਰ ਭਰਤੀ ਕੀਤੀ ਜਾਵੇ, ਅਧਿਆਪਕ-ਵਿਦਿਆਰਥੀ ਅਨੁਪਾਤ ਨੂੰ ਠੀਕ ਕੀਤਾ ਜਾਵੇ ਤਾਂ ਜੋ ਅਧਿਆਪਕ ਆਪਣੇ ਵਿਦਿਆਰਥੀਆਂ ਦੀ ਮਾਨਸਿਕਤਾ ਨੂੰ ਸਮਝ ਸਕੇ ਅਤੇ ਉਨ੍ਹਾਂ ਨਾਲ ਭਾਵਨਾਤਮਿਕ ਲਗਾਓ ਬਣਾ ਸਕੇ। ਅਧਿਆਪਕ ਵਰਗ ਨੂੰ ਵੀ ਚਾਹੀਦਾ ਹੈ ਕਿ ਉਹ ਵੀ ਆਪਣੇ-ਆਪ ਨੂੰ ਡਾ: ਰਾਧਾ ਕ੍ਰਿਸ਼ਨਨ ਦੀ ਤਰ੍ਹਾਂ ਅਮਲੀ ਰੂਪ ਵਿਚ ਦੇਸ਼ ਦਾ ਨਿਰਮਾਤਾ ਬਣਾਉਣ ਲਈ ਹਰ ਤਰ੍ਹਾਂ ਦਾ ਬਲੀਦਾਨ ਦੇਣ ਲਈ ਹਰ ਸਮੇਂ ਤਿਆਰ ਰੱਖੇ। ਆਪਣੇ ਨਿੱਜੀ ਹਿੱਤਾਂ ਦਾ ਦੇਸ਼ ਦੇ ਹਿਤਾਂ ਲਈ ਤਿਆਗ ਕਰੇ। ਆਪਣੇ-ਆਪ ਨੂੰ ਸਮਾਜਿਕ ਬੁਰਾਈਆਂ ਤੋਂ ਦੂਰ ਰੱਖਦੇ ਹੋਏ ਵਿਦਿਆਰਥੀਆਂ ਲਈ ਅਤੇ ਸਮਾਜ ਲਈ ਰੋਲ ਮਾਡਲ ਬਣ ਕੇ ਦਿਖਾਵੇ। ਜਿਸ ਤਰ੍ਹਾਂ ਮੋਮਬੱਤੀ ਖ਼ੁਦ ਜਲ ਕਿ ਦੂਜਿਆਂ ਨੂੰ ਰੌਸ਼ਨੀ ਦੇ ਕੇ ਹੋਰਨਾਂ ਲਈ ਪ੍ਰੇਰਣਾ ਸਰੋਤ ਬਣਦੀ ਹੈ, ਉਸੇ ਤਰ੍ਹਾਂ ਅਧਿਆਪਕ ਵਰਗ ਨੂੰ ਵੀ ਆਪਣੀਆਂ ਸੁੱਖ-ਸਹੂਲਤਾਂ, ਆਪਣੀਆਂ ਇੱਛਾਵਾਂ, ਆਪਣੇ ਨਿੱਜੀ ਹਿੱਤਾਂ ਆਦਿ ਨੂੰ ਦੇਸ਼ ਅਤੇ ਸਮਾਜ ਦੇ ਵਡੇਰੇ ਹਿੱਤਾਂ ਲਈ ਕੁਰਬਾਨ ਕਰਨ ਲਈ ਹਮੇਸ਼ਾ ਤਿਆਰ ਰਹਿਣਾ ਚਾਹੀਦਾ ਹੈ। ਅੰਤ ਵਿਚ ਇਹੀ ਕਿਹਾ ਜਾ ਸਕਦਾ ਹੈ ਕਿ ਭਾਰਤ ਨੂੰ ਵਿਕਸਤ ਰਾਸ਼ਟਰ ਬਣਾਉਣ, ਦੇਸ਼ ਵਿਚ ਅਮਨ-ਸ਼ਾਂਤੀ ਲਿਆਉਣ, ਫ਼ਿਰਕੂ ਸਦਭਾਵਨਾ ਬਣਾ ਕੇ ਰੱਖਣ, ਭਾਰਤੀ ਅਮੀਰ ਸੱਭਿਆਚਾਰ ਅਤੇ ਕਦਰਾਂ-ਕੀਮਤਾਂ ਤੋਂ ਲੋਕਾਂ ਨੂੰ ਜਾਣੂ ਕਰਵਾਉਣ ਆਦਿ ਲਈ ਜ਼ਰੂਰੀ ਹੈ ਕਿ ਅਧਿਆਪਕ ਦੇ ਮਾਣ-ਸਨਮਾਨ ਨੂੰ ਬਹਾਲ ਕੀਤਾ ਜਾਵੇ। ਇਸ ਦੇ ਨਾਲ ਹੀ ਅਧਿਆਪਕ ਨੂੰ ਵੀ ਚਾਹੀਦਾ ਹੈ ਕਿ ਉਹ ਇਸ ਕਿੱਤੇ ਦੀ ਪਵਿੱਤਰਤਾ ਨੂੰ ਸਮਝੇ। ਇਸ ਨੂੰ ਕੇਵਲ ਇਕ ਪੇਸ਼ੇ ਦੇ ਰੂਪ ਵਿਚ ਨਾ ਲੈ ਕੇ ਦੇਸ਼ ਨਿਰਮਾਣ ਲਈ ਇਕ ਮਿਸ਼ਨ ਦੇ ਰੂਪ ਵਿਚ ਅਪਣਾਵੇ।

# ਸ਼ੋਕ ਸਮਾਚਾਰ



ਬੜੇ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸਾਡੇ ਬਹੁਤ ਹੀ ਸਤਿਕਾਰਯੋਗ ਪਿਤਾ ਕੈਪਟਨ ਜਸਵੰਤ ਸਿੰਘ ਜੀ ਵਾਸੀ ਪਿੰਡ- ਭੂੱਲੇ ਚੱਕ, ਡਾਕਖਾਨਾ ਪੁੱਲ ਤਿਬੜੀ, ਜ਼ਿਲ੍ਹਾ- ਗੁਰਦਾਸਪੁਰ ਪ੍ਰਮਾਤਮਾ ਵਲੋਂ ਬਖਸ਼ੇ 83 ਸਾਲ ਭੋਗਦੇ ਹੋਏ ਮਿਤੀ-28-08-2017 ਨੂੰ ਇਸ ਦੁਨੀਆਂ ਤੋਂ ਅਕਾਲ ਚਲਾਨਾ ਕਰ ਗਏ ਹਨ। ਉਹਨਾਂ ਦਾ ਜਨਮ ਮਿਤੀ-10-10-1934 ਨੂੰ ਪਿੰਡ- ਭੂੱਲੇ ਚੱਕ ਮਾਤਾ ਇੰਦਰ ਕੌਰ, ਪਿਤਾ ਚਾਤਰ ਸਿੰਘ ਲੰਬੜਦਾਰ ਦੇ ਗ੍ਰਹਿ ਵਿਖੇ ਹੋਇਆ। ਆਪ ਜੀ ਨੇ ਮੁੱਢਲੀ ਸਿੱਖਿਆ ਖਾਲਸਾ ਹਾਈ ਸਕੂਲ ਗੁਰਦਾਸਪੁਰ ਤੋਂ ਹਾਸਲ ਕੀਤੀ। ਆਪ ਨੇ 1952 ਈਸ਼ਵੀ ਨੂੰ ਆਰਮੀ ਜੁਆਇੰਨ ਕੀਤੀ। ਆਪ ਜੀ ਨੇ 10 ਸਿੱਖ ਰੈਜੀਮੈਂਟ ਵਿਚ ਤਕਰੀਬਨ 28 ਸਾਲ ਸੇਵਾ ਨਿਭਾਈ ਇਸ ਕਰਕੇ ਆਪ ਜੀ ਨੂੰ ਰਾਸ਼ਟਰਪਤੀ ਵਲੋਂ ਸਨਮਾਨਿਤ ਵੀ ਕੀਤਾ ਗਿਆ। ਸੰਨ 1980 ਈਸਵੀ ਮਿਤੀ 26 ਜਨਵਰੀ ਨੂੰ ਆਪ ਨੂੰ ਲੈਫਟੀਨੈਂਟ ਰੈਂਕ ਵਿਚ ਤਰੱਕੀਯਾਬ ਹਾਜ਼ਰ ਸਰਵਿਸ ਵਿਚ ਕੀਤਾ ਗਿਆ। ਮਿਤੀ 10-10-1980 ਨੂੰ ਆਪ ਆਨਰੇਰੀ ਕੈਪਟਨ ਦੇ ਅਹੁਦੇ ਤੋਂ ਰਿਟਾਇਰ ਕੀਤੇ ਗਏ ਜਿਸ ਉਪਰੰਤ ਆਪ ਜੀ ਨੇ 10 ਸਾਲ ਸੂਗਰ ਮਿੱਲ ਪਨਿਆੜ ਗੁਰਦਾਸਪੁਰ ਵਿਖੇ ਸਟੋਰ ਅਫਸਰ ਵਜੋਂ ਸੇਵਾ ਨਿਭਾਈ ਅਤੇ 10-10-1994 ਨੂੰ ਸੇਵਾ ਮੁਕਤ ਹੋਏ। ਨੌਕਰੀ ਦੇ ਦੌਰਾਨ ਸੰਨ 1954 ਵਿੱਚ ਆਪ ਜੀ ਦੀ ਸ਼ਾਦੀ ਬੀਬੀ ਸਵਰਨ ਕੌਰ ਵਾਸੀ ਬਲੜਵਾਲ ਨਾਲ ਹੋਈ। ਉਹਨਾਂ ਦੇ ਵਿਆਹ ਦੌਰਾਨ ਚਾਰ ਲੜਕਿਆਂ ਅਤੇ ਦੋ ਲੜਕੀਆਂ ਨੇ ਜਨਮ ਲਿਆ। ਆਪ ਜਾ ਦੇ ਸਾਰੇ ਬੱਚਿਆਂ ਦੀ ਪਰਵਰਿਸ਼ ਬਹੁਤ ਹੀ ਸਹਿਜ ਢੰਗ ਨਾਲ ਕੀਤੀ ਅਤੇ ਸਾਰੇ ਬੱਚਿਆਂ ਨੂੰ ਵੱਧ ਤੋਂ ਵੱਧ ਪੜ੍ਹਾਇਆ ਲਿਖਾਇਆ । ਆਪ ਜੀ ਨੇ ਆਪਣੀ ਇਕ ਬੇਟੀ ਸੁਰਿੰਦਰ ਕੌਰ ਨੂੰ ਸਿੱਖਿਆ ਵਿਭਾਗ ਸੈਂਟਰ ਸਕੂਲ ਵਿਖੇ ਨੌਕਰੀ ਤੇ ਲਗਵਾਇਆ ਅਤੇ ਆਪਣੇ ਦੋਹਾਂ ਲੜਕਿਆਂ ਮਨਜਿੰਦਰ ਪਾਲ ਸਿੰਘ ਅਤੇ ਹਰਜਿੰਦਰ ਸਿੰਘ ਨੂੰ ਮਹਿਕਮਾ ਪੁਲਿਸ ਵਿਚ ਭਰਤੀ ਕਰਵਾਇਆ। ਸ. ਮਨਜਿੰਦਰਪਾਲ ਸਿੰਘ ਇਸ ਮੌਕੇ ਤੇ ਏ.ਐਸ.ਆਈ. ਰੈਂਕ ਵਿਚ ਸੀਨੀਅਰ ਪੁਲਿਸ ਕਪਤਾਨ ਗੁਰਦਾਸਪੁਰ ਦੇ ਦਫਤਰ ਵਿਖੇ ਸੇਵਾ ਨਿਭਾ ਰਹੇ ਹਨ ਅਤੇ ਉਹਨਾਂ ਦੇ ਛੋਟੇ ਭਰਾ ਹਰਜਿੰਦਰ ਸਿੰਘ, ਥਾਣਾ ਪੁਰਾਣਾ ਸਾਲਾ ਵਿਖੇ ਹੈੱਡ ਕਾਂਸਟੇਬਲ ਵਜੋਂ ਸੇਵਾ ਨਿਭਾ ਰਹੇ ਹਨ। ਆਪ ਜੀ ਦੇ 6 ਦੋਹਤਰੇ ਅਤੇ 5 ਦੋਹਤਰੀਆਂ ਹਨ ਅਤੇ 2 ਪੋਤਰੇ ਅਤੇ 3 ਪੋਤਰੀਆਂ ਹਨ। ਜਿਹਨਾਂ ਵਿਚੋਂ 12 ਬੱਚੇ ਇੰਜੀਨੀਅਰਿੰਗ ਦੀ ਪੜ੍ਹਾਈ ਕਰ ਰਹੇ ਹਨ। ਇਸ ਸਭ ਤੋਂ ਇਲਾਵਾ ਆਪ ਬਹੁਤ ਹੀ ਰਸੀਲੇ ਸੁਭਾਅ ਅਤੇ ਸੂਝਵਾਨ ਵਿਅਕਤੀ ਸੀ। ਪਿੰਡ ਵਿਚ ਆਪ ਜੀ ਨੇ ਹੀ ਆਪਣੇ ਪਰਿਵਾਰ ਨੂੰ ਜੋੜ ਕੇ ਇਕੱਠਿਆ ਰੱਖਿਆ ਸੀ। ਪਿੰਡ ਵਿਚ ਕੋਈ ਵੀ ਆਪ ਪਾਸੋਂ ਮਦਦ ਲੈਣ ਲਈ ਆਉਂਦਾ ਸੀ ਤਾਂ ਆਪ ਉਸਦੀ ਜ਼ਰੂਰ ਮਦਦ ਕਰਦੇ ਸੀ। ਜਦ ਤੱਕ ਕਿਸੇ ਦਾ ਕੰਮ ਹੋ ਨਹੀਂ ਜਾਂਦਾ ਸੀ ਆਪ ਚੈਨ ਨਾਲ ਨਹੀਂ ਸੀ ਬੈਠਦੇ। ਆਪ ਜੀ ਦੇ ਇਸ ਦੁਨੀਆ ਤੋਂ ਜਾਣ ਦਾ ਸਿਰਫ ਆਪ ਜੀ ਦੇ ਪਰਿਵਾਰ ਨੂੰ ਹੀ ਦੁੱਖ ਨਹੀਂ ਪਹੁੰਚਿਆ ਬਲਕਿ ਸਾਰੇ ਪਿੰਡ ਵਾਸੀਆਂ ਨੂੰ ਇਸ ਦਾ ਦੁੱਖ ਪਹੁੰਚਿਆ ਹੈ। ਕੈਪਟਨ ਜਸਵੰਤ ਸਿੰਘ ਜੀ ਦੀ ਆਤਮਿਕ ਸ਼ਾਂਤੀ ਲਈ ਰੱਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਮਿਤੀ 06-09-2017 ਨੂੰ ਉਹਨਾਂ ਦੇ ਜੱਦੀ ਪਿੰਡ ਭੂੱਲੇ ਚੱਕ ਵਿਖੇ ਪਾਉਣ ਉਪਰੰਤ ਗੁਰਦੁਆਰਾ ਸ੍ਰੀ ਸਿੰਘ ਸਭਾ ਵਿਖੇ ਅੰਤਿਮ ਅਰਦਾਸ ਕੀਤੀ ਗਈ ਸੀ। ਇਸ ਮੌਕੇ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਲੋਂ ਵਿਰਾਗਮਈ ਕੀਰਤਨ ਕੀਤਾ ਗਿਆ ਸੀ। ਇਸ ਮੌਕੇ 'ਤੇ ਉਹਨਾਂ ਦੀ ਆਤਮਿਕ ਸ਼ਾਂਤੀ ਦੀ ਅਰਦਾਸ ਵਿਚ ਸ਼ਾਮਲ ਹੋਣ ਵਾਲਿਆ ਵਿੱਚ ਪ੍ਰਮੁੱਖ ਸ੍ਰੀ ਬਰਿੰਦਰਮੀਤ ਸਿੰਘ ਪਾਹੜਾ ਹਲਕਾ ਵਿਧਾਇਕ ਗੁਰਦਾਸਪੁਰ, ਸ. ਗੁਰਮੀਤ ਸਿੰਘ ਜੀ ਪਾਹੜਾ ਚੇਅਰਮੈਨ ਪੰਜਾਬ ਲੇਬਰਫੈਡ ਪੰਜਾਬ, ਸ੍ਰੀ ਰਮਨ ਬਹਿਲ ਜਨਰਲ ਸਕੱਤਰ ਕਾਂਗਰਸ ਪੰਜਾਬ, ਕਰਨਲ ਭਗਤ ਸਿੰਘ, ਬੀ ਡੀ ਪੀ ਓ, ਪਰਮਜੀਤ ਸਿੰਘ ਟਾਂਡਾ, ਐਡਵੋਕੇਟ ਸੁੱਚਾ ਸਿੰਘ ਮੁਲਤਾਨੀ, ਕੈਪਟਨ ਮਨਜੀਤ ਸਿੰਘ ਟਾਂਡਾ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ ਸਨ। ਕੈਪਟਨ ਜਸਵੰਤ ਸਿੰਘ ਦੇ ਪਰਿਵਾਰ ਵਲੋਂ 2100 ਰੁਪਏ ਗੁਰਦੁਆਰਾ ਸਿੰਘ ਸਭਾ ਭੂੱਲੇ ਚੱਕ, 2100 ਰੁਪਏ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਚੰਡੀਗੜ੍ਹ, 1100 ਰੁਪਏ ਗੁਰਦੁਆਰਾ ਬੀਬੀ ਸੁੰਦਰੀ ਬਹਾਦਰ ਨੌਸ਼ਹਿਰਾ, 1100 ਰੁਪਏ ਗੁਰਦੁਆਰਾ ਘੱਲੂਘਾਰਾ ਸਾਹਿਬ ਅਤੇ 1100 ਰੁਪਏ ਗੁਰਦੁਆਰਾ ਨਵੀਂ ਆਬਾਦੀ ਪਿੰਡ ਭੂੱਲੇ ਚੱਕ ਵਿਖੇ ਭੇਟ ਕੀਤੇ ਗਏ ਸੀ।

**(ਮਨਜਿੰਦਰਪਾਲ ਸਿੰਘ)**

**ਪਿੰਡ- ਭੂੱਲੇ ਚੱਕ, ਡਾਕਖਾਨਾ ਪੁੱਲ ਤਿਬੜੀ , ਜ਼ਿਲ੍ਹਾ- ਗੁਰਦਾਸਪੁਰ**

**82530-40007, 94170-74028**

# ਯੋਗ ਹੈ ਇਕ ਸੰਪੂਰਨ ਇਲਾਜ ਵਿਧੀ

ਸੀਤਾ ਰਾਮ ਗੁਪਤਾ

ਜਦੋਂ ਅਸੀਂ ਸਾਧਨਾ ਕਰਦੇ ਹਾਂ ਜਾਂ ਯੋਗ ਸਾਧਨਾ ਕਰਦੇ ਹਾਂ ਤਾਂ ਕੋਈ ਨਾ ਕੋਈ ਭਾਵ ਤਾਂ ਸਾਡੇ ਮਨ ਵਿਚ ਫੈਲਿਆ ਹੁੰਦਾ ਹੀ ਹੈ। ਮਨ ਦੇ ਕਈ ਪੱਧਰ ਹਨ-ਚੇਤਨ ਜਾਂ ਜਾਗ੍ਰਿਤ ਅਵਸਥਾ ਵਿਚ ਵੀ ਭਾਵ ਤਾਂ ਹੁੰਦਾ ਹੀ ਹੈ ਪਰ ਉਹ ਅਸਲੀਅਤ ਵਿਚ ਤਬਦੀਲ ਨਹੀਂ ਹੁੰਦਾ।

ਯੋਗ ਇਕ ਸੰਪੂਰਨ ਇਲਾਜ ਵਿਧੀ ਹੈ, ਇਸ ਵਿਚ ਕੋਈ ਸ਼ੱਕ ਨਹੀਂ, ਪਰ ਸਿਰਫ ਕੁਝ ਆਸਣ ਜਾਂ ਸਵਾਸ ਪ੍ਰਕਿਰਿਆਵਾਂ ਸੰਪੂਰਨ ਯੋਗ ਨਹੀਂ ਹਨ। ਯੋਗ ਦੇ 8 ਅੰਗ ਹਨ : ਯਮ, ਨਿਯਮ, ਆਸਣ, ਪ੍ਰਾਣਾਯਾਮ, ਪ੍ਰਤਿਆਹਾਰ, ਧਾਰਨਾ, ਧਿਆਨ ਅਤੇ ਸਮਾਧੀ।

ਸਵਾਲ ਉਠਦਾ ਹੈ ਕਿ ਸਰੀਰਕ ਅਭਿਆਸ ਕ੍ਰਮ ਮਹੱਤਵਪੂਰਨ ਹੈ ਜਾਂ ਮਾਨਸਿਕ ਅਭਿਆਸ ਕ੍ਰਮ? ਸਾਡਾ ਸਰੀਰ ਅਤੇ ਸਾਡੀ ਸ਼ਖ਼ਸੀਅਤ ਅਸਲ ਵਿਚ ਸਾਡੀ ਭਾਵ ਪ੍ਰਕਿਰਿਆ ਦੁਆਰਾ ਨਿਰਮਿਤ ਹੁੰਦੀ ਹੈ। ਜਿਹੋ ਜਿਹਾ ਅਸੀਂ ਲਗਾਤਾਰ ਚਿੰਤਨ ਕਰਦੇ ਹਾਂ ਜਾਂ ਸੋਚਦੇ ਹਾਂ, ਉਹੋ ਜਿਹੇ ਹੀ ਅਸੀਂ ਹੋ ਜਾਂਦੇ ਹਾਂ। ਇਸ ਲਈ ਸਾਡੀ ਸੋਚ ਦਾ ਸਿੱਧਾ ਅਸਰ ਸਾਡੀ ਸਿਹਤ ਜਾਂ ਰੋਗ 'ਤੇ ਵੀ ਪੈਂਦਾ ਹੈ। ਇਹੀ ਵਿਚਾਰ ਪ੍ਰਕਿਰਿਆ ਜਾਂ ਆਤਮ-ਸੰਸੂਚਨ ਜਾਂ ਸੂਚਨਾ ਰੋਗ ਦੇ ਇਲਾਜ ਵਿਚ ਵੀ ਸਭ ਤੋਂ ਮਹੱਤਵਪੂਰਨ ਪ੍ਰਕਿਰਿਆ ਹੈ ਅਰਥਾਤ ਆਪਣੇ ਮਨ ਵਿਚ ਉਠਣ ਵਾਲੇ ਭਾਵ ਜਾਂ ਵਿਚਾਰ ਨਾਲ ਦਿਮਾਗ ਨੂੰ ਪ੍ਰਭਾਵਿਤ ਕਰਨਾ ਹੈ। ਇਥੇ ਮਨ ਮਹੱਤਵਪੂਰਨ ਹੋ ਜਾਂਦਾ ਹੈ। ਜਿਹੋ ਜਿਹਾ ਅਸੀਂ ਚਾਹੁੰਦੇ ਹਾਂ ਜਾਂ ਉਮੀਦ ਕਰਦੇ ਹਾਂ, ਉਹ ਮਨ ਮਸਤਿਕ ਦੀ ਅਲਫਾ ਅਵਸਥਾ ਵਿਚ ਹੀ ਪੂਰਾ ਹੁੰਦਾ ਹੈ।

ਹੁਣ ਸਵਾਲ ਉਠਦਾ ਹੈ ਕਿ ਜੇਕਰ ਮਨ ਦਾ ਹੀ ਸਾਰਾ ਖੇਡ ਹੈ ਤਾਂ ਫਿਰ ਆਸਣ ਅਤੇ ਪ੍ਰਾਣਾਯਾਮ ਦੀ ਕੀ ਲੋੜ ਹੈ? ਸਰੀਰਕ ਕਿਰਿਆਵਾਂ ਅਤੇ ਸਾਹ ਦੇ ਅਭਿਆਸ, ਭੌਤਿਕ ਸਰੀਰ ਨੂੰ ਮਨ ਨਾਲ ਜੋੜਨ ਅਤੇ ਮਨ ਨੂੰ ਸਹੀ ਦਿਸ਼ਾ ਵਿਚ ਲਿਜਾਣ ਲਈ ਜ਼ਰੂਰੀ ਹਨ। ਜਿਵੇਂ ਰੋਟੀ ਬਣਦੀ ਤਾਂ ਆਟੇ ਨਾਲ ਹੀ ਹੈ ਪਰ ਰੋਟੀ ਬਣਾਉਣ ਤੋਂ ਪਹਿਲਾਂ ਆਟੇ ਵਿਚ ਉਚਿਤ ਮਾਤਰਾ ਵਿਚ ਪਾਣੀ ਪਾ ਕੇ ਉਸ ਨੂੰ ਗੁੰਨ੍ਹਣਾ ਅਤੇ ਉਸ ਨੂੰ ਤਿਆਰ ਕਰਨਾ, ਜਿਸ ਨਾਲ ਰੋਟੀ ਸਹੀ ਆਕਾਰ ਦੀ ਅਤੇ ਖਾਣ ਵਿਚ ਚੰਗੀ ਬਣੇ, ਉਸੇ ਹੀ ਤਰ੍ਹਾਂ ਮਨ ਨੂੰ ਅਲਫਾ ਅਵਸਥਾ ਵਿਚ ਲਿਜਾਣ ਦੇ ਲਈ ਯੋਗ ਆਸਣ ਅਤੇ ਪ੍ਰਾਣਾਯਾਮ ਦਾ ਅਭਿਆਸ ਕਰਨਾ ਜ਼ਰੂਰੀ ਹੈ।

ਜੇਕਰ ਵਿਅਕਤੀ ਦਾ ਮਨ ਬੇਹੱਦ ਚੰਚਲ ਨਹੀਂ ਹੈ ਅਤੇ ਆਸਾਨੀ ਨਾਲ ਇਕਾਗਰਤਾ ਪ੍ਰਾਪਤ ਕਰ ਲੈਂਦਾ ਹੈ ਤਾਂ ਉਸ ਦੇ ਲਈ ਆਸਣ ਅਤੇ ਪ੍ਰਾਣਾਯਾਮ ਦਾ ਵਧੇਰੇ ਅਭਿਆਸ ਜ਼ਰੂਰੀ ਨਾ ਵੀ ਹੋਵੇ, ਪਰ ਚੰਚਲ ਚਿੱਤ ਵਾਲਿਆਂ ਲਈ ਯੋਗ ਦਾ ਅਭਿਆਸ ਜ਼ਰੂਰੀ ਹੈ। ਜੇਕਰ ਤੁਹਾਡਾ ਮਨ ਘੱਟ ਚੰਚਲ ਹੈ ਜਾਂ ਤੁਸੀਂ ਪਹਿਲਾਂ ਹੀ ਉਚਿਤ ਅਭਿਆਸ ਕਰ ਚੁੱਕੇ ਹੋ ਤਾਂ ਸਰੀਰ ਨੂੰ ਸਹੀ ਆਸਣ ਵਿਚ ਰੱਖ ਕੇ 2-4 ਡੂੰਘੇ ਸਾਹ ਲੈਣ ਨਾਲ ਹੀ ਤੁਸੀਂ ਅਲਫਾ ਅਵਸਥਾ ਵਿਚ ਪਹੁੰਚ ਜਾਵੋਗੇ ਅਤੇ ਇਸ ਅਵਸਥਾ ਵਿਚ ਪਹੁੰਚ ਕੇ ਤੁਸੀਂ ਜੋ ਸੋਚੋਗੇ ਜਾਂ ਜੋ ਸੋਚ ਤੁਹਾਡੀ ਹੋਵੇਗੀ, ਉਹੀ ਭੌਤਿਕ ਜਗਤ ਵਿਚ ਅਸਲੀਅਤ ਗ੍ਰਹਿਣ ਕਰ ਲਵੇਗੀ।

ਜਦੋਂ ਅਸੀਂ ਸਾਧਨਾ ਕਰਦੇ ਹਾਂ ਜਾਂ ਯੋਗ ਸਾਧਨਾ ਕਰਦੇ ਹਾਂ ਤਾਂ ਕੋਈ ਨਾ ਕੋਈ ਭਾਵ ਤਾਂ ਸਾਡੇ ਮਨ ਵਿਚ ਫੈਲਿਆ ਹੁੰਦਾ ਹੀ ਹੈ। ਮਨ ਦੇ ਕਈ ਪੱਧਰ ਹਨ-ਚੇਤਨ ਜਾਂ ਜਾਗ੍ਰਿਤ ਅਵਸਥਾ ਵਿਚ ਵੀ ਭਾਵ ਤਾਂ ਹੁੰਦਾ ਹੀ ਹੈ ਪਰ ਉਹ ਅਸਲੀਅਤ ਵਿਚ ਤਬਦੀਲ ਨਹੀਂ ਹੁੰਦਾ। ਚੇਤਨ ਮਨ ਦੁਆਰਾ ਅਵਚੇਤਨ ਮਨ ਨੂੰ ਪ੍ਰਭਾਵਿਤ ਕਰਨਾ ਵੀ ਅਸਲ ਇਲਾਜ ਵਿਧੀ ਹੈ ਅਤੇ ਇਕਾਗਰਤਾ ਅਤੇ ਧਿਆਨ ਦੇ ਬਿਨਾਂ ਇਹ ਅਸੰਭਵ ਹੈ। ਇਕਾਗਰਤਾ ਅਤੇ ਧਿਆਨ ਨਾਲ ਅਸੀਂ ਅਲਫਾ ਲੈਵਲ ਵਿਚ ਪਹੁੰਚ ਜਾਂਦੇ ਹਾਂ ਜਾਂ ਕਹੋ ਅਲਫਾ ਲੈਵਲ ਵਿਚ ਪਹੁੰਚ ਕੇ ਹੀ ਇਕਾਗਰਤਾ ਅਤੇ ਧਿਆਨ ਦੀ ਪ੍ਰਾਪਤੀ ਹੋ ਸਕਦੀ ਹੈ। ਅਲਫਾ ਅਵਸਥਾ ਕਹੋ ਜਾਂ ਧਿਆਨ ਅਤੇ ਇਕਾਗਰਤਾ ਦੀ ਅਵਸਥਾ ਇਸੇ ਅਵਸਥਾ ਵਿਚ ਚੇਤਨ ਮਨ, ਅਵਚੇਤਨ ਮਨ ਨੂੰ ਪ੍ਰਭਾਵਿਤ ਕਰਦਾ ਹੈ। ਆਮ ਅਵਸਥਾ ਵਿਚ ਵੀ ਸੋਚੇ ਹੋਏ ਵਿਚਾਰ ਅਸਲੀਅਤ ਵਿਚ ਤਬਦੀਲ ਹੋ ਜਾਂਦੇ ਹਨ।

ਜੇਕਰ ਤੁਸੀਂ ਧਿਆਨ ਅਵਸਥਾ ਦੇ ਬਿਨਾਂ ਦੁਹਰਾਅ ਰਹੇ ਹੋ ਕਿ ਮੈਂ ਤੰਦਰੁਸਤ ਹੋ ਰਿਹਾ ਹਾਂ ਤਾਂ ਉਸ ਹਾਲਤ ਵਿਚ ਤੁਹਾਡੇ ਵਿਚਾਰ, ਸੰਕਲਪ ਦੇ ਵਿਰੋਧੀ ਵਿਚਾਰ ਵੀ ਪੈਦਾ ਹੋ ਜਾਂਦੇ ਹਨ। ਧਿਆਨ ਜਾਂ ਇਕਾਗਰਤਾ ਦੀ ਅਵਸਥਾ ਵਿਚ ਹੀ ਕਿਸੇ ਮਨਚਾਹੇ ਵਿਚਾਰ ਨੂੰ ਰੱਖਿਆ ਜਾ ਸਕਦਾ ਹੈ। ਇਸੇ ਹਾਲਤ ਵਿਚ ਹੀ ਦਵੰਦ ਤੋਂ ਮੁਕਤੀ ਸੰਭਵ ਹੈ। ਇਸ ਅਵਸਥਾ ਲਈ ਮਨ ਦੀ ਗਹਿਰਾਈ ਵਿਚ ਉਤਰਨਾ ਜਾਂ ਅਲਫਾ ਪੱਧਰ ਵਿਚ ਪਹੁੰਚਣਾ ਜ਼ਰੂਰੀ ਹੈ। ਇਹੀ ਉਹ ਅਵਸਥਾ ਹੈ, ਜਿਥੋਂ ਅਸੀਂ ਰੋਗ ਨੂੰ ਨਿਰਮੂਲ ਕਰ ਸਕਦੇ ਹਾਂ ਜਾਂ ਰੋਗ ਦੀ ਦਰਦ ਤੋਂ ਮੁਕਤ ਹੋ ਸਕਦੇ ਹਾਂ।

ਸੁੱਖ-ਦੁੱਖ, ਲਾਭ-ਹਾਨੀ, ਆਮਦਨ-ਖਰਚ, ਮਾਣ-ਅਪਮਾਨ ਤੋਂ ਉੱਪਰ ਉਠ ਕੇ ਸਮਤਾ ਵਿਚ ਸਥਿਤ ਹੋ ਜਾਣਾ ਹੀ ਅਸਲ ਵਿਚ ਇਲਾਜ ਹੈ। ਇਥੋਂ ਹੀ ਧਿਆਨ ਤੋਂ ਸਮਾਧੀ ਵੱਲ ਵਧਣ ਦਾ ਮਾਰਗ ਸ਼ੁਰੂ ਹੁੰਦਾ ਹੈ। ਇਹੀ ਯੋਗ ਦੀ ਸਿਖਰ ਅਵਸਥਾ ਹੈ। ਇਸੇ ਵਿਚ ਹੀ ਯੋਗ ਦੀ ਪੂਰਨਤਾ ਹੈ।


# गुरु इतिहास का एक नायक बाबा मखन शाह लुबाना

हरभजन सिंघ ( मूल लेखक )
( हिन्दी अनुवाद ) तरनजीत सिंघ बग्गा )



महान मनुष्य इतिहास रचते हैं। रचियता इतिहास पीढ़ी-दर-पीढ़ी एक उजाला मीनार की तरह काम करता है और आने वाली पुस्तों को सम्मान बख्श कर उनके कदमों पर चलने के लिए उत्साह या प्रेरणा देता है। समय के साथ यह सम्मान, प्रशंसा, एक सोसायटी को जन्म देती है जिससे वैदिक सामाजिक, आर्थिक और सभ्यता की कदर कीमतों की प्रगति होती है। किसी महान मनुष्य को याद करना भी एक महानता वाली बात है पर उससे भी बड़ी महानता है उनके बताये गये नक्शे-कदमों पर चलना और उनकी ओर से दी गई कदरों-कीमतों और सत्यता को अपनाना। कोई भी प्रशंसा किसी भी मनुष्य को किसी कार्य यां किसी देश को परमात्मा की कृपा से ही प्राप्त होती है। गुरबाणी में लिखा हैं-

**साहिब हथि वडिआइआ**
**जिस भावे तिस देह।।**



बाबा मखन शाह लुबाना इतिहास में गुरु कृपा की सदका गुरु बख्शीस का महान नायक है। श्री गुरू नानक देव जी का इस धरती पर प्रकाश होने और उनके उपदेश को सुनने का सदका, हर धर्म, कौम, कई वर्गों, कई कबीलों के लोग उनके सिख बने, जिसमें लुबाना या बनजारे भी महत्वपूर्ण सिख थे। इसी तरह ही नानक नाम लेवा में मखन शाह लुबाना के पूर्वज भी थे और इसी कारण छठवें नानक श्री गुरू हरगोबिंद जी की श्रीनगर यात्रा के समय बाबा मखन शाह लुबाना जी को छोटी उम्र में ही उनके दर्शन करने का मौका मिला। जैसे समय के साथ साथ बाबा

मखन शाह जी अपने पिता द्वारा किये व्यापारिक कार्य की वजह से धनवान और तरक्की करके अपने कबीले में नायक का काम संभाल लिया उसी तरह श्री गुरु नानक देव जी के घर के प्रती श्रद्धा भी बढ़ती ही गई। इस नानक नाम लेवा बाबा मखन शाह जी का गुरू के प्रति विश्वास और श्रद्धा के इम्तिहान का समय आ गया। भाई गुरदास जी लिखते हैं-

**''सतिगुरु सांग वरतदा सिख सिदक ना हारे''**

बाबा मखन शाह जी का व्यापारिक सामान से लदा हुआ जहाज तूफान में बुरी तरह फस गया। सभी प्रकार की मेहनत फेल हो गई। एक व्यापारी के लिए आथिक नुकसान उसके जीवन पर प्रगति की सबसे बड़ी पीड़ा या हानी होती है। जब कोई चारा या उपाय नहीं चला तो श्री गुरू नानक देव जी के घर के आगे एक मन-एक चित होकर सहायता के लिए अरदास की मन्नत मानी कि, हे सच्चे पातिशाह कृपा करके बेड़े (जहाज़) को पार लगाइये, पाँच सौ मोहरे गुरु के चरणों में भेंट दूँगा। गुरू बाणी के हुक्म अनुसार-

**जा कऊ मुसकलु अति बणै ढोई कोए न देए।।**
**लागू होए दुशमना साक भि भजि खले।।**
**सभो भजै आसरा चुकै सभु असराऊ।।**
**चिति आवै उस पाररब्रहमु**
**लगै न तती वाऊ।।(७०)**

के महावाक् अनुसार दाते की मेहर हुई बेड़ा बार हो गया। किसी भी प्रकार की आर्थिक हानी नहीं हुई। चल पड़ा गुरु घर की मानी गई मन्नत देने के लिए। दिल्ली पहुँचने पर मालूम हुआ कि आठवें नानक बाला प्रीतम श्री गुरु हरिक्रिशन जी महाराज दो महीने पूर्व ही ज्योति-जोत समा गये है और मुखार-बिन्द से बाबा बकाले उच्चारण कर गये है। अपने कबीले के साथ बाबा मखन शाह लुबाना दि्ली से चलकर बाबा बकाले पहुँच गए।

''सीने खिच जिनां ने खाधी ओह कर आराम नहीं बहिन्दे। हैरान हुआ 22 गुरुओं को देखकर जो अल्ग-अल्ग जगह पर गुरु मंजीआ लगाकर बैठे थे। व्यापारिक दिमाग़ का प्रयोग किया तांकि अनिश्चित्ता दूर हो सके। पांच सौ मोहरों की भेंट करने की बजाय दो-दो मोहरे भेट करनी शुरु कर दी। किसी भी मंजी पर विराजमान गुरु बनकर बैठे सोढ़ी ने बाबा मखन शाह लबाने के मन को नहीं पहचाना, परिणाम स्वरुप बाबा मखन शाह जी के मन को भी शांति नहीं मिली। चित अर्थात् मन प्रसन्न नहीं हुआ। अशान्त चित मखन शाह जी के और पूछताछ करने पर किसी ने श्री गुरु तेग बहादुर जी के बारे में बताया। पहुंच गये बताये स्थान पर दर्शन करने के लिए। मिलने की मुशकिल माता नानकी जी के जरिये हल करके समाधी लगाकर बैठे श्री गुरु तेग बहादुर जी के सामने दो मोहरे रखी और माथा टेका अन्तरजामी सतगुरु जी ने आखें खोली और बोले मन्नत तो पांच सौ की थी। तुरंत सिर उठाया, गुरु जी से नज़र मिली रुह के कपाट खुल गये। नाम लेते ही व्यापारी धन रखकर श्री गुरु तेग बहादुर जी के चरणों में गिर पड़ा। आखों से आसू बहने लगे।''गुरु पूरै कृपा धारी प्रभ पूरी लोच हमारी...''

**''अनंद भड़िया मेरी माऐ सतिगुरु मै पाएिआ...''**


मन आनंद विभोर हो गया, खुशी का ठिकाना न रहा। पांच सौ मोहरें भेट की।

बाबा मखन शाह लुबाने ने छत पर चढ़कर ज़ोर से आवाज़ दी,''गुरु लाधो रे! गुरु लाधो रे!'' भूले रास्तो की काली रात में डूबी संगत चल कर गुरु दर्शनों के लिए पहुंचना शुरु हो गई इतिहास का एक हिस्सा रचा गया। मखन शाह लुबाना जहां नानक नाम लेना था, उसी के साथ वह एक जुझारु योद्धा भी था। अपने कबीले का नायक और बड़ा सौदागर होने के कारण अपनी हिफाज़त के लिए पांच सौ के करीब घोड़सवार भी उसके कबीले के साथ हर समय रहते थे। इस वृतान्त के लिए इसी तरह के शक्तिवान पुरुष की आवश्यक्ता थी जो सोढ़ियों की दंभी मंजिओं को जो मौकाप्रस्त मसंदों की ताकत के साथ चल रही थी, इसका सामना करके उनको बैचेनी-सी हो गई। इतिहास गवाह है कि जब धीर मलिओं ने गुरु लाधो रे के वृतान्त के बाद श्री गुरु तेग बहादुर जी पर गोली चलाकर उनको जखमी कर दिया और गुरु घर में पड़ा सारा माल-असबाब लूट कर ले गये, परंतु जब मखन शाह लुबाने को पता चला तो न केवल उसने धीर मलिओं को सबक सिखाया बल्कि गुरु साहेब की वस्तुओं के अलावा धीर मलिओं के पूरे सामान के साथ श्री गुरु ग्रंथ साहिब जी की बीड़ जो कि श्री गुरु अर्जुन देव जी ने तैयार करवाई थी, धीर मलिओं के पास से वापस लेकर आए। श्री गुरु तेग बहादुर जी ने दया दृष्टि करते हुए सभी को माफ़ करने का फरमान जारी किया और धीर मलिओं का पूरा सामान वापस कर दिया।

प्रेरणात्मक पंजाबी लेख

# गुरुद्वारा थड़ा साहब ( बगदाद, इराक )

मूल : हरदयाल सिंघ घोतड़ा



एक बार गुरु नानक देव जी बगदाद (इराक) में गये और वहां उनकी मुलाकात पीर दस्तगीर के साथ हुई जो कि स्वयं को बहुत पहुंचा हुआ समझते थे। उन्होंने गुरु नानक देव जी को तीन सवाल पूछे, तांकि वह उनके पूछे तीन सवालों का जवाब न दे सके और वह स्वयं का बहुत बड़ा पीर साबित कर सकें।

**प्रथम सवाल - पीर दस्तगीर - नानक जी यह बताये कि परमात्मा के पहले हर कौन था?**

**उत्तर - गुरु नानक देव जी** - उन्होंने कहा दस्तगीर एक प्लेट में कुछ मोती मंगवाएं और गिने। दस्तगीर ने जब 1-2-3-4 करके मोती गिनना शुरु किया तो गुरु नानक देव जी ने रोक दिया और कहा एक से पहले गिनना शुरु करें तो दस्तगीर ने कहा कि एक से पहले कुछ नहीं आता। यह सुनकर गुरु जी ने कहा यह तेरे सवाल का जवाब है कि परमात्मा एक ही है उससे पहले कोई नहीं था।

**द्वितीय सवाल - पीर दस्तगीर - परमात्मा अगर है तो वह दिखाई क्यों नहीं देता?**

**उत्तर - गुरु नानक देव जी** - गुरु जी ने दस्तगीर को कहा कुछ शुद्ध दूध मंगवाएं तो दस्तगीर ने शुद्ध दूध मंगवाया। उपरान्त गुरु जी ने कहा यह दूध शुद्ध नहीं है इसमें मिलावट है तो दस्तगीर ने कहा दूध शुद्ध है इसमें कोई मिलावट नहीं। अगर आपको लगता है कि इसमें मिलावट है तो बताइएं दूध में क्या मिला है। गुरु जी ने काह सि दूध में घी है जो कि आपको दिखाई नहीं दे रहा। इसी तरह परमात्मा की सृष्टि बीच में है पर किसी को दिखाई नहीं देती। परमात्मा उसी को ही दिखाई देता है जिसको उस पर पूरा विश्वास है।

**तृतीय सवाल - पीर दस्तगीर - अगर परमात्मा है तो वह कुछ करता भी है अथवा खाली बैठा है?**

**उत्तर - गुरु नानक देव जी** - गुरु जी जहां खड़े होकर जवाब दे रहे थे वहां आने के लिए दस्तगीर को बोला। दस्तगीर अपनी गद्दी से उठकर गुरु जी के पास खड़े हो गये और गुरु जी पीर दस्तगीर के स्थान पर जाकर बैठ गये। गुरु जी ने कहा परमात्मा यह काम करता है जिस को जहां चाहे वहां से उठा दे, जहां चाहे वहां बैठा दे।

यह सब सुनकर पीर दस्तगीर गुरु जी के चरणों में नतमस्तक हो गया और माफ़ी मांगी। यह सब जिस स्थान पर हुआ उस स्थान पर बगदाद के राष्ट्रपति सदाम हुसैन ने वहां बहुत बड़ा विशाल गुरुद्वारा साहब बना दिया जिसका नाम थड़ा साहब रखा गया। इस गुरुद्वारे की बगदाद में बहुत महानता है।

**पंजाबी में अनु: तरनजीत सिंघ बग्गा**

# जापु साहिब दर्शन - १६

ज्ञानी अवतार सिंघ 'शीतल'


हे प्रभु, तुम्हे मेरी नमस्कार है, तुम सभी को देखने वाले दृष्टा हो, भाव सभी का ध्यान रखने वाले हो। तुम सभी जीवों को अपनी ओर खींचने वाले हो, आकर्षित करने वाले हो, भाव तुम्हारे अंदर आकर्षण शक्ति है। तुम्हें मेरी नमस्कार है, तुम हर प्रकार के रंगों में मौजूद हो, व्यापक हो। तुम तीनों भवनों (लोकों) को भंग करने वाले हो, भाव नाश करने वाले हो। तुम्हारा मनुष्यों के जैसा कोई शरीर या शरीर का अंग नहीं है। तुम अंग रहित हो। शरीर रहित हो, तुम्हें मेरी नमस्कार है।।७१।।

हे प्रभु, तुम्हे मेरी नमस्कार है, तुम सारे ही जीवों के भी जीव हो, भाव जीवन रुप हो। तुम बीजों के भी बीज रुप हो भाव सभी का मूल कारण हो। तुम अखिज रुप भाव चिढ़ते नहीं हो, शांत स्वरुप हो। तुम अभिज भाव भीगने से रहित हो, तुम किसी बात से पसीजते नहीं हो, तुम्हें कोई तोड़ नहीं सकता, तुम कठोर स्वरुप हो। तुम सभी पर, कृपा करने वाले भी हो।।७२।।

हे प्रभु, तुम्हे मेरी नमस्कार है, तुम सभी पर कृपा करने वाले हो और कुकर्मों का नाश करने वाले हो। तुम सदा ही रहने वाले हो, तुम में हमेशा ही रिद्धियां सिद्धियां निवास करती हैं। तुम्हें मेरी नमस्कार है।।७३।।

**( क्रमश... )**

# HAPPY ENGINEERS DAY




The engineering community across India is celebrating Engineers Day on 15th September every year as a remarkable tribute to the greatest Indian Engineer Bharat Ratna Mokshagundam Visvesvaraya (Popularly Known as Sir MV). He is held in high regard as a “Pre-eminent Engineer of India”.

(1860-1962) The nation has celebrated Engineers Day to mark the 150th birth anniversary of Sir Mokshagundam Visvesvaraya, one of the greatest engineers India has produced and a person behind many iconic constructions in India. Year 2017 is mark the 49th anniversary of the Engineers Day in India. It's significant occasion considering the fact that India Produces close to 20 lakh engineers in a year.

Sir MV was an acclaimed engineer recognised for his mastermind in harnessing water resources. He had successfully designed and constructed several river dams, bridges and revolutionized the irrigation and drinking water system.

Sir MV was born on september 15,1861 to Srinivasa Sastry and Venkchanma at Muddenahalli Village in Kolar district of Karnatka. He began his career as a Assistant Engineer with PWD at mumbai in 1884 and was later requested to join the Indian irrigation commission. He worked with complete dedication and Perseverance and got promoted as chief engineer in mysore state in 1909. As a chief engineer he was responsible for constructing Krishna Raja Sagar dam in Mandya district. Sir MV received the Prestigious “Bharat Ratna” in 1955. His age was 101 years when he heavenly abode on 12 Apr. 1962.

**Engineer Parminderjit Singh**

# Ten Fantastic Words

| | | | |
|---|---|---|---|
| — 1. | The most selfish one letter word is | I | Avoid it |
| — 2. | The most satisfying two letter word is | We | Use it |
| — 3. | The most poisouous three letter word is | Ego | Kill it |
| — 4. | The most used four letter word is | Love | Value it |
| — 5. | The most pleasing five letter word is | Smile | Keep it |
| — 6. | The fastest spreading six letter word is | Rumour | Ignore it |
| — 7. | The Hardworking seven letter word is | Success | Achieve it |
| — 8. | The most enviable eight letter word is | Jealousy | Distance it |
| — 9. | The most Powerful Nine letter word is | Knowledge | Acquire it |
| — 10. | The most divine ten letter word is | Freindship | Mantain it |

# TEN TIPS OF LIFE

1. "Assurance for tomorrow is, what you do today"
2. "There is no teacher, but your own soul"
3. "A word uttred from a pure heart, never goes in vain"
4. "Nobody can give you the wise advise, than yourself"
5. "Behaviour is such a mirror in which everyone is displaying his own image"
6. "The jewal among jewals is a good character"
7. "Next to the mother's smile, books are best"
8. "Victory always favours the truth"
9. "Kindness is the force which runs the universe"
10. "The cheerful looser is a winner."

**(Hardial Singh Ghotra)**
**Finance Secretary**

ਇਨਸਾਨ ਦੀ ਚਾਹਤ ਹੁੰਦੀ ਹੈ
ਉੱਡਣ ਨੂੰ ਪਰ ਮਿਲੇ।
ਪਰ ਪਰਿੰਦੇ ਸੋਚਦੇ ਨੇ
ਉਨ੍ਹਾਂ ਨੂੰ ਰਹਿਣ ਨੂੰ ਘਰ ਮਿਲੇ।

ਪੈਰ ਦੀ ਮੋਚ
ਅਤੇ ਛੋਟੀ ਸੋਚ
ਇਨਸਾਨ ਨੂੰ ਅੱਗੇ
ਨਹੀਂ ਵਧਣ ਦਿੰਦੀ।

# ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਨੂੰ ਦਾਨ ਦੇਣ ਵਾਲੇ ਦਾਨੀ ਸੱਜਣਾਂ ਦੀ ਸੂਚੀ

## ਮਿਤੀ 1-9-2017 ਤੋਂ 30-9-2017

| ਲੜੀ ਨੰ: | ਨਾਮ ਤੇ ਪਤਾ | ਰਾਸ਼ੀ ਰੁਪਏ | ਰਸੀਦ ਨੰ: | ਮਿਤੀ |
|---|---|---|---|---|
| 1. | ਸ. ਜਗਮੋਹਨ ਸਿੰਘ<br>ਮਕਾਨ ਨੰ.-390, ਸੈਕਟਰ-16, ਪੰਚਕੂਲਾ | 1000/- | ਐਚ -9145 | 02-09-2017 |
| 2. | ਸ. ਬਲਵਿੰਦਰ ਸਿੰਘ ਅਤੇ ਪਰਿਵਾਰ<br>ਸਪੁੱਤਰ ਸਵਰਗਵਾਸੀ ਕੈਪਟਨ ਫਤਿਹ ਸਿੰਘ, ਅੰਬਾਲਾ<br>(ਅੰਤਿਮ ਅਰਦਾਸ ਦੇ ਮੌਕੇ ਤੇ) | 1100/- | ਐਚ-9147 | 06-09-2017 |
| 3. | ਕਰਨਲ ਪਿਆਰਾ ਸਿੰਘ<br>ਅਰਬਨ ਅਸਟੇਟ, ਫੇਸ-1, ਜਲੰਧਰ | 2100/- | ਐਚ-9151 | 09-09-2017 |
| 4. | ਕਰਨਲ ਹਰਭਜਨ ਸਿੰਘ ਮੁਲਤਾਨੀ<br>ਅਰਬਨ ਏਸਟੇਟ, ਫੇਸ-1, ਜਲੰਧਰ | 500/- | ਐਚ-9152 | 09-09-2017 |
| 5. | ਸ. ਮਨਜਿੰਦਰਪਾਲ ਸਿੰਘ<br>ਪਿੰਡ-ਭੁੱਲੇ ਚੱਕ, ਡਾ. ਟਿਬਰੀ, ਤਹਿਸੀਲ ਅਤੇ ਜ਼ਿਲ੍ਹਾ- ਗੁਰਦਾਸਪੁਰ<br>(ਆਪਣੇ ਸਵਰਗਵਾਸੀ ਪਿਤਾ ਦੇ ਅੰਤਿਮ ਅਰਦਾਸ ਦੇ ਮੌਕੇ ਤੇ) | 2100/- | ਐਚ-9155 | 13-09-2017 |
| 6. | ਸ. ਗੁਰਬਚਨ ਸਿੰਘ, ਸੀਨੀਅਰ ਮੈਨੇਜਰ<br>ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ | 200/- | ਐਚ-9157 | 16-09-2017 |
| 7. | ਪੰਡਤ ਰਾਮ ਕੁਮਾਰ ਕੈਨਟੀਨ<br>ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ | 500/- | ਐਚ-9158 | 16-09-2017 |
| 8. | ਸ੍ਰੀ ਪਰਵੀਨ ਕੁਮਾਰ<br>ਪਿੰਡ-ਦਾਰਲਾ, ਜ਼ਿਲ੍ਹਾ - ਸੋਲਨ | 500/- | ਐਚ-9159 | 16-09-2017 |
| 9. | ਗੁਪਤ ਦਾਨ | 500/- | ਐਚ -9160 | 16-09-2017 |
| 10. | ਸ. ਬਲਵਿੰਦਰ ਸਿੰਘ ਮੁਲਤਾਨੀ<br>ਮੀਤ ਪ੍ਰਧਾਨ, ਹੈੱਡਕੁਆਰਟਰ ਮਕਾਨ ਨੰ.-541, ਫੇਸ-3-ਏ, ਮੋਹਾਲੀ | 500/- | ਐਚ-9161 | 16-09-2017 |
| 11. | ਸ. ਗੁਰਬਚਨ ਸਿੰਘ<br>ਸੈਕਟਰ-47, ਚੰਡੀਗੜ੍ਹ | 100/- | ਐਚ-9162 | 16-09-2017 |

| | | | | |
|---|---|---|---|---|
| 12. | ਸ. ਤਰਨਬੀਰ ਸਿੰਘ ਮੁਲਤਾਨੀ ਸਪੁੱਤਰ<br>ਸ. ਬਲਵਿੰਦਰ ਸਿੰਘ ਮੁਲਤਾਨੀ<br>ਮੀਤ ਪ੍ਰਧਾਨ, ਹੈੱਡਕੁਆਰਟਰ ਮਕਾਨ ਨੰ.-541, ਫੇਸ-3-ਏ, ਮੋਹਾਲੀ | 500/- | ਐਚ-9163 | 16-09-2017 |
| 13. | ਸਰਦਾਰਨੀ ਹਰਪ੍ਰੀਤ ਕੌਰ ਪੇਲੀਆ<br>ਜਨਰਲ ਸਕੱਤਰ, ਮਕਾਨ ਨੰ.-2218, ਸੈਕਟਰ-38 ਸੀ, ਚੰਡੀਗੜ੍ਹ | 1100/- | ਐਚ-9164 | 16-09-2017 |
| 14. | ਗੁਪਤ ਦਾਨ | 101/- | ਐਚ -9165 | 16-09-2017 |
| 15. | ਸ. ਹਰਭਜਨ ਸਿੰਘ<br>ਡੀ.ਆਈ.ਜੀ. (ਰਿਟਾ.), ਜ਼ੀਰਕਪੁਰ | 500/- | ਐਚ-9166 | 16-09-2017 |
| 16. | ਸ. ਗੁਰਚਰਨ ਸਿੰਘ ਪਾਲੀਆ<br>ਮਕਾਨ ਨੰ.-763, ਸੈਕਟਰ-40 ਏ, ਚੰਡੀਗੜ੍ਹ | 200/- | ਐਚ -9167 | 16-09-2017 |
| 17. | ਸ. ਸੁਰਿੰਦਰ ਸਿੰਘ<br>ਸੈਕਟਰ-47, ਚੰਡੀਗੜ੍ਹ | 200/- | ਐਚ -9168 | 16-09-2017 |
| 18. | ਕਮਾਂਡਰ ਜੋਗਿੰਦਰ ਸਿੰਘ<br>ਮਕਾਨ ਨੰ.-2068, ਫੇਸ-11, ਮੋਹਾਲੀ | 500/- | ਐਚ -9169 | 16-09-2017 |
| 19. | ਸ. ਹਰਦਿਆਲ ਸਿੰਘ ਘੋਤੜਾ<br>ਵਿੱਤ ਸਕੱਤਰ, ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ | 200/- | ਐਚ -9170 | 16-09-2017 |
| 20. | ਸ. ਜਗੀਰ ਸਿੰਘ ਲਾਲੀਆ ਪ੍ਰਧਾਨ<br>ਮਕਾਨ ਨੰ.-1838, ਫੇਸ-7, ਮੋਹਾਲੀ | 500/- | ਐਚ-9171 | 16-09-2017 |
| 21. | ਸ. ਅਮਰਜੀਤ ਸਿੰਘ<br>ਮਕਾਨ ਨੰ.-42, ਸੈਕਟਰ-16-ਏ, ਚੰਡੀਗੜ੍ਹ | 500/- | ਐਚ-9172 | 16-09-2017 |
| 22. | ਸ. ਗਿਆਨ ਸਿੰਘ ਮੁਲਤਾਨੀ<br>ਮਕਾਨ ਨੰ.-42, ਸੈਕਟਰ-16-ਏ, ਚੰਡੀਗੜ੍ਹ | 500/- | ਐਚ -9173 | 16-09-2017 |
| 23. | ਸ. ਐਨ.ਪੀ. ਸਿੰਘ, ਚੰਡੀਗੜ੍ਹ | 300/- | ਐਚ -9174 | 16-09-2017 |
| 24. | ਸ. ਮਨਮੋਹਨ ਸਿੰਘ, ਨਾਭਾ | 500/- | ਐਚ -9175 | 16-09-2017 |
| 25. | ਸ. ਸੁਖਵਿੰਦਰਪਾਲ ਸਿੰਘ<br>ਮਕਾਨ ਨੰ.-2102, ਫੇਸ-10, ਮੋਹਾਲੀ | 500/- | ਐਚ -9176 | 16-09-2017 |
| 26. | ਸ. ਨਰਿੰਦਰ ਸਿੰਘ ਸੰਨੀ, ਐਲਕਲੇਵ, ਮੋਹਾਲੀ | 500/- | ਐਚ -9177 | 16-09-2017 |
| 27. | ਸ. ਰਾਜਪਾਲ ਸਿੰਘ, ਮਨੀਮਾਜਰਾ | 200/- | ਐਚ -9178 | 16-09-2017 |
| 28. | ਸ. ਕੁਲਦੀਪ ਸਿੰਘ, ਮੋਹਾਲੀ | 100/- | ਐਚ -9179 | 16-09-2017 |

| | | | | |
|---|---|---|---|---|
| 29. | ਸ. ਅਮਰਜੀਤ ਸਿੰਘ<br>ਸੈਕਟਰ-45, ਚੰਡੀਗੜ੍ਹ | 100/- | ਐਚ -9180 | 16-09-2017 |
| 30. | ਸਰਦਾਰਨੀ ਜਸਵੰਤ ਕੌਰ<br>ਮਕਾਨ ਨੰ.-1234, ਫੇਸ-10, ਮੋਹਾਲੀ | 200/- | ਐਚ -9181 | 16-09-2017 |
| 31. | ਸ. ਇੰਦਰਜੀਤ ਸਿੰਘ ਭਗਤਾਨਾ, ਚੰਡੀਗੜ੍ਹ | 200/- | ਐਚ -9182 | 16-09-2017 |
| 32. | ਸ. ਸੁਰਿੰਦਰ ਸਿੰਘ<br>ਮਕਾਨ ਨੰ.-527, ਫੇਸ-10, ਮੋਹਾਲੀ | 500/- | ਐਚ -9183 | 16-09-2017 |
| 33. | ਸਰਦਾਰਨੀ ਚਰਨਜੀਤ ਕੌਰ<br>ਮਕਾਨ ਨੰ.-141, ਸੈਕਟਰ-11, ਪੰਚਕੂਲਾ | 500/- | ਐਚ -9186 | 16-09-2017 |

# ਗੁਰੂ ਲਾਧੋ ਰੇ ਦਿਵਸ ਦੇ ਮੌਕੇ 'ਤੇ


| ਲੜੀ ਨੰ: | ਨਾਮ ਤੇ ਪਤਾ | ਰਾਸ਼ੀ ਰੁਪਏ | ਰਸੀਦ ਨੰ: | ਮਿਤੀ |
|---|---|---|---|---|
| 1. | ਸ. ਭਗਤ ਸਿੰਘ ਆਈ.ਏ.ਐਸ. (ਰਿਟਾ.)<br>ਸਾਬਕਾ ਪ੍ਰਧਾਨ, ਮਕਾਨ ਨੰ.-795, ਫੇਸ-3-ਬੀ-1, ਮੋਹਾਲੀ | 7000/- | ਐਚ-9148 | 09-09-2017 |
| 2. | ਮਾਸਟਰ ਸੇਵਾ ਸਿੰਘ ਮੁਕੇਰੀਆਂ | 5100/- | ਐਚ-9149 | 09-09-2017 |
| 3. | ਸ. ਲਖਵਿੰਦਰ ਸਿੰਘ ਮੁਲਤਾਨੀ ਟਾਂਡਾ | 5100/- | ਐਚ-9150 | 09-09-2017 |
| 4. | ਕਰਨਲ ਗੁਰਦੀਪ ਸਿੰਘ<br>ਮਕਾਨ ਨੰ.-62, ਸੈਕਟਰ-71, ਮੋਹਾਲੀ | 5100/- | ਐਚ-9153 | 09-09-2017 |
| 5. | ਸ. ਮੋਹਿੰਦਰਪਾਲ ਸਿੰਘ ਸਮੁੰਦਰੀ<br>ਮਕਾਨ ਨੰ.-209, ਮੁਹੱਲਾ-ਪ੍ਰੀਤ ਨਗਰ, ਮੁਕੇਰੀਆਂ, ਹੁਸ਼ਿਆਰਪੁਰ | 5100/- | ਐਚ-9154 | 13-09-2017 |
| 6. | ਕਮਾਂਡਰ ਜੋਗਿੰਦਰ ਸਿੰਘ<br>ਮਕਾਨ ਨੰ.-2068, ਫੇਸ-11, ਮੋਹਾਲੀ | 5000/- | ਐਚ -9184 | 16-09-2017 |
| 7. | ਸ. ਜਗੀਰ ਸਿੰਘ ਲਾਲੀਆ ਪ੍ਰਧਾਨ<br>ਮਕਾਨ ਨੰ.-1838, ਫੇਸ-7, ਮੋਹਾਲੀ | 10000/- | ਐਚ-9185 | 16-09-2017 |
| 8. | ਸ. ਬਲਵਿੰਦਰ ਸਿੰਘ ਮੁਲਤਾਨੀ<br>ਮੀਤ ਪ੍ਰਧਾਨ, ਹੈੱਡਕੁਆਰਟਰ ਮਕਾਨ ਨੰ.-541, ਫੇਸ-3-ਏ, ਮੋਹਾਲੀ | 5100/- | ਐਚ -9187 | 26-09-2017 |
| 9. | ਸ. ਪ੍ਰੀਤਮ ਸਿੰਘ ਸਿਕਰੀ, ਰਿਜ਼ਨਲ ਪ੍ਰਧਾਨ<br>ਪਿੰਡ-ਸਿਕਰੀ, ਡਾ. ਮਿਆਣੀ ਭਗੁਪੁਰੀਆਂ, ਜ਼ਿਲ੍ਹਾ-ਕਪੂਰਥਲਾ | 5000/- | ਐਚ -9188 | 27-09-2017 |
| 10. | ਸ. ਨਰਿੰਦਰ ਸਿੰਘ ਰਿਜ਼ਨਲ ਪ੍ਰਧਾਨ ਜੰਮੂ | 3100/- | ਐਚ -9189 | 27-09-2017 |

# ਡਰਾਮਾ ਐਂਡ ਸਾਊਂਡ

| ਲੜੀ ਨੰ: | ਨਾਮ ਤੇ ਪਤਾ | ਰਾਸ਼ੀ ਰੁਪਏ | ਰਸੀਦ ਨੰ: | ਮਿਤੀ |
|---|---|---|---|---|
| 1. | ਲੈਕਚਰਾਰ ਗੁਲਸ਼ਨ ਕੁਮਾਰ ਸਿੰਘ (ਰਿਟਾ.)<br>ਮੀਤ ਪ੍ਰਧਾਨ, ਹੈੱਡਕੁਆਰਟਰ<br>ਮਕਾਨ ਨੰ. 3405, ਸੈਕਟਰ-40 ਡੀ ,ਚੰਡੀਗੜ੍ਹ | 5000/- | ਐਚ-9931 | 16-09-2017 |



# MATRIMONIAL



**Suitable match for Lobana Girl born on August 1986, Height 5'6" , 10+2, ITI (3 years), Fair Colour, Working in Private Sector in Mohali, Widow (No Child), Required Boy in private / Government/ Business Family. Contact No.- 94780-82409, 97800-93687**

* * * * *

**Suitable Match for Lobana Sikh Boy on 7th September 1988, Height 5'11", MCA, doing job as Team Leader in IT Company at Mohali. Owned house in Zirakpur. Father retired from Army. Mother House Wife. Conatct No.-99880-67388**

* * * * *

**Suitable match for Lobana Girl born on September 1986, Height 5'7" , 10+2, GNM (Staff Nurse) fair colour, working in Government Sector at Chandigarh . Required boy in Privtae/Government/ Business Family in tricity. Contact:- 99880-67388**

* * * * *

**Suitable match for Lobana Sikh Boy born on January 1988, Height 5'7" Graduate doing private job in MNC in Gurgaon. Owned kothi in sunny enclave Mohali , Agricultural Land and another kothi in Barara Distt-Ambala. Younger brother is Mechanical Engineer. Working in Swaraj Mohali. Father Retired from Army & recently returned from U.K. after 8 years . Mother is a Housewife. Contact No.-90417-77073**

* * * * *

**SUITABLE MATCH FOR LOBANA SIKH BOY GIRL BORN APRIL '1991, 5'10", BE (ECE), MBA (FIN), MNC, ASSTT MANAGER. REQUIRED PROFESSIONALLY QUALIFIED EARLY N SIMPLE MARRIAGE. CONTACT - 08360907886**

* * * * *

## ਬੇਨਤੀ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਸਨਿਮਰ ਬੇਨਤੀ ਹੈ ਕਿ ਬਰਾਦਰੀ ਵਿਚ ਬੱਚਿਆਂ ਦੇ ਵਿਆਹ-ਸ਼ਾਦੀਆਂ ਲਈ ਰਿਸ਼ਤੇ ਜੋੜਣ ਲਈ ਲੁਬਾਣਾ ਸੇਵਕ ਮੈਗਜ਼ੀਨ ਵਿਚ ਮੁਫ਼ਤ ਇਸ਼ਤਿਹਾਰ ਲਗਾਉਣ ਦਾ ਫੈਸਲਾ ਲਿਆ ਗਿਆ ਹੈ। ਬਰਾਦਰੀ ਦੇ ਸਮੂਹ ਸੱਜਣਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਵਿਆਹੁਣਯੋਗ ਬੱਚਿਆਂ ਅਤੇ ਪਰਿਵਾਰ ਦੇ ਵੇਰਵੇ ਫਾਊਂਡੇਸ਼ਨ ਦੇ ਦਫ਼ਤਰ ਭੇਜਣ ਦੀ ਕ੍ਰਿਪਾਲਤਾ ਕਰਨ।

ਅਦਾਰਾ ਲੁਬਾਣਾ ਸੇਵਕ

# ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ ਵੱਲੋਂ ਸਿਹਤ ਖੇਤਰ ਵਿਚ ਐਂਬੂਲੈਂਸ ਕਮ ਕਲੀਨਿਕਲ ਟੈਸਟਿੰਗ ਮੋਬਾਇਲ ਵੈਨ ਵੱਲੋਂ ਜਲੰਧਰ ਅਤੇ ਕਪੂਰਥਲਾ ਦੇ ਵੱਖ-ਵੱਖ ਥਾਵਾਂ 'ਤੇ ਲਗਾਏ ਗਏ ਫ੍ਰੀ ਟੈਸਟਿੰਗ ਕੈਂਪਾਂ ਦਾ ਵੇਰਵਾ



















ਫਾਊਂਡੇਸ਼ਨ ਵੱਲੋਂ ਉਪਰੋਕਤ ਚਲਾਈ ਜਾ ਰਹੀ ਵੈਨ ਦੇ ਪ੍ਰਬੰਧ ਨੂੰ ਚਲਾਉਣ ਲਈ ਬਣਾਈ ਕਮੇਟੀ ਜਿਸ ਵਿਚ ਸ. ਪ੍ਰੀਤਮ ਸਿੰਘ ਨਾਰੰਗਪੁਰ, ਸਤਪਾਲ ਸਿੰਘ ਮੁਲਤਾਨੀ, ਸ. ਮਹਿੰਦਰ ਸਿੰਘ ਡੀ.ਐਸ.ਪੀ. (ਰਿਟਾ.), ਸ. ਅਵਤਾਰ ਸਿੰਘ ਡੀ.ਐਸ.ਪੀ. (ਰਿਟਾ.), ਸ. ਪਰਮਿੰਦਰਜੀਤ ਸਿੰਘ, ਸ. ਜਸਵਿੰਦਰ ਸਿੰਘ ਬਿੱਲਾ ਕੌਂਸਲਰ, ਸ. ਸੁਖਵਿੰਦਰ ਸਿੰਘ ਬਿੱਲਾ ਅਤੇ ਪ੍ਰਿੰ. ਟਹਿਲ ਸਿੰਘ। ਵੈਨ ਵੱਲੋਂ ਜਲੰਧਰ, ਹੁਸ਼ਿਆਰਪੁਰ ਅਤੇ ਕਪੂਰਥਲਾ ਸ਼ਹਿਰ ਅਤੇ ਪਿੰਡਾਂ ਵਿਚ ਅਲੱਗ-ਅਲੱਗ ਥਾਵਾਂ 'ਤੇ ਕੈਂਪ ਲਗਾਏ ਗਏ ਜਿਸ ਵਿਚ ਲਗਭਗ 450 ਮਰੀਜ਼ਾਂ ਦੇ ਖ਼ੂਨ ਦੇ ਟੈਸਟ ਕੀਤੇ ਗਏ।

ਫੋਟੋ - ਜੋਗਿੰਦਰ ਸਿੰਘ ਅਜੈਬ

Regd No. 32212/78

Postal No.-- CHD/0111/2015-17



# Working Committee Meeting on 09-09-17



Regional President Meeting on 27-09-17



ਸ੍ਰੀ ਰਾਮਾ ਚੰਦਰੂ ਤੇਜਾਵਥ ਦੀ ਪਤਨੀ ਦਾ ਵਿਸ਼ੇਸ਼ ਤੌਰ 'ਤੇ ਸਵਾਗਤ ਕਰਦੇ ਹੋਏ ਪ੍ਰਧਾਨ ਸਾਹਿਬ, ਜਨਰਲ ਸਕੱਤਰ ਅਤੇ ਹੋਰ ਮੈਂਬਰ ਸਾਹਿਬਾਨ



ਸ੍ਰੀ ਰਾਮਾ ਚੰਦਰੂ ਤੇਜਾਵਥ ਦਾ ਆਲ ਇੰਡੀਆ ਲੁਬਾਣਾ ਸਮਾਜ ਕਮੇਟੀ ਵੱਲੋਂ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਪਹੁੰਚਣ ਤੇ ਵਿਸ਼ੇਸ਼ ਤੌਰ 'ਤੇ ਸਵਾਗਤ ਕਰਦੇ ਹੋਏ ਪ੍ਰਧਾਨ ਸਾਹਿਬ ਅਤੇ ਹੋਰ ਮੁੱਖ ਅਹੁਦੇਦਾਰ